ਪੰਜਾਬ / ਹਰਿਆਣਾ / ਹਿਮਾਚਲ ਪ੍ਰਦੇਸ਼ / ਜੰਮੂ ਕਸ਼ਮੀਰ
ਰਾਜਸਥਾਨ/ ਚੰਡੀਗੜ੍ਹ / ਦਿੱਲੀ / ਐਨਸੀਆਰ

ਸਾਂਝੀ ਖ਼ਬਰ

RNI No. - PUNPUN / 2014 / 59059

ਮੁੱਖ ਸੰਪਾਦਕ :- ਪੀ ਐਸ ਮਿੱਠਾ

ਰੋਜ਼ਾਨਾ

# ਸਾਂਝੀ ਖ਼ਬਰ

ਸਾਂਝ ਪੰਜਾਬੀਆਂ ਦੀ

ਸ਼ਨੀਵਾਰ, 24 ਅਕਤੂਬਰ / 2026 / ਅੰਕ 284 / ਪੰਨੇ 08 / ਮੁੱਲ 7 ਰੁ:

www.sanjhikhabar.com    E-mail : khabarsanjhi@gmail.com    sanjhikhabar    sanjhikahbar




## ਪਰਵਿੰਦਰ ਝੋਟਾ ਕੇਸ, ਪ੍ਰਸ਼ਾਸਨ ਨੇ ਮੰਨੀਆਂ ਮੰਗਾਂ ਦਾ ਲਿਖਤੀ ਵੇਰਵਾ ਪਰਿਵਾਰ ਤੇ ਐਕਸ਼ਨ ਕਮੇਟੀ ਨੂੰ ਸੌਂਪਿਆ

ਸਾਂਝੀ ਖ਼ਬਰ

(ਸੁਖਜੀਤ ਕੌਰ)
ਮਾਨਸਾ, 23 ਅਕਤੂਬਰ



ਪਰਵਿੰਦਰ ਝੋਟਾ ਮਾਮਲੇ ਨੂੰ ਲੈ ਕੇ ਪਰਿਵਾਰ ਅਤੇ ਐਕਸ਼ਨ ਕਮੇਟੀ ਦੀ ਪ੍ਰਸ਼ਾਸਨ ਨਾਲ ਲਗਾਤਾਰ ਗੱਲਬਾਤ ਹੋ ਰਹੀ ਹੈ। ਅੱਜ ਤੀਜੀ ਮੀਟਿੰਗ 'ਚ ਪ੍ਰਸ਼ਾਸਨ ਵੱਲੋਂ ਪਰਿਵਾਰ ਦੀਆਂ ਕੁਝ ਮੰਗਾਂ ਮੰਨੀਆਂ ਗਈਆਂ ਹਨ। ਐਕਸ਼ਨ ਕਮੇਟੀ ਵੱਲੋਂ ਮੰਗ ਕੀਤੀ ਗਈ ਸੀ ਕਿ ਜਿਹੜੀਆਂ ਮੰਗਾਂ ਮੰਨ ਲਈਆਂ ਗਈਆਂ ਹਨ ਅਤੇ ਜਿਹੜੀਆਂ ਬਾਕੀ ਹਨ, ਉਨ੍ਹਾਂ ਦਾ ਲਿਖਤੀ ਵੇਰਵਾ ਦਿੱਤਾ ਜਾਵੇ। ਇਸ 'ਤੇ ਪ੍ਰਸ਼ਾਸਨ ਨੇ ਮੰਨੀਆਂ ਗਈਆਂ ਮੰਗਾਂ ਦੀ ਸੂਚੀ ਲਿਖਤੀ ਰੂਪ 'ਚ ਕਮੇਟੀ ਅਤੇ ਪਰਿਵਾਰ ਨੂੰ ਸੌਂਪ ਦਿੱਤੀ ਹੈ। ਪ੍ਰਸ਼ਾਸਨ ਅਨੁਸਾਰ ਐਕਸ਼ਨ ਕਮੇਟੀ ਅਤੇ ਪਰਿਵਾਰ ਵੱਲੋਂ ਲਿਖਤੀ ਜਵਾਬ 'ਤੇ ਵਿਚਾਰ ਕਰਨ ਤੋਂ ਬਾਅਦ ਅਗਲੀ ਮੀਟਿੰਗ ਕੀਤੀ ਜਾਵੇਗੀ।

ਪ੍ਰਸ਼ਾਸਨ ਨੇ ਦੱਸਿਆ ਕਿ ਪਰਵਿੰਦਰ ਝੋਟਾ ਦਾ ਪੋਸਟਮਾਰਟਮ ਪੀਜੀਆਈ ਦੇ ਸੀਨੀਅਰ ਡਾਕਟਰਾਂ ਦੇ ਪੈਨਲ ਤੋਂ ਕਰਵਾਉਣ ਲਈ ਪੰਜਾਬ ਸਰਕਾਰ ਨੇ ਸਹਿਮਤੀ ਦੇ ਦਿੱਤੀ ਹੈ। ਇਸ ਦੌਰਾਨ ਉਨ੍ਹਾਂ ਦੱਸਿਆ ਕਿ ਮਾਨਸਾ 'ਚ ਤਾਇਨਾਤ ਡਰੱਗ ਇੰਸਪੈਕਟਰ, ਐਸ. ਐਚ. ਓ. ਅਤੇ ਡੀ. ਐਸ. ਪੀ. ਨੂੰ ਸਰਕਾਰ ਵੱਲੋਂ ਸਸਪੈਂਡ ਕਰ ਦਿੱਤਾ ਗਿਆ ਹੈ। ਪਰਵਿੰਦਰ ਝੋਟੇ ਦੇ ਯਾਦਗਾਰੀ ਬੁੱਤ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪਰਵਿੰਦਰ ਸਿੰਘ ਦੀ ਯਾਦ 'ਚ ਸਰਕਾਰੀ ਜ਼ਮੀਨ 'ਤੇ ਉਨ੍ਹਾਂ ਦਾ ਬੁੱਤ ਸਥਾਪਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਭਵਿੱਖ ਵਿੱਚ ਮਾਨਸਾ ਵਿੱਚ ਬਣਨ ਵਾਲੇ ਪ੍ਰਸਤਾਵਿਤ ਟਰੌਮਾ ਦਾ ਨਾਂ ਵੀ ਸਵਰਗੀ ਪਰਵਿੰਦਰ ਸਿੰਘ ਦੇ ਨਾਂ 'ਤੇ ਰੱਖਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਖ਼ਿਲਾਫ਼ ਮੁਹਿੰਮ ਜਾਰੀ ਹੈ। ਸਿਹਤ ਵਿਭਾਗ ਦੀ ਮੁਹਿੰਮ ਤਹਿਤ 3 ਲਾਇਸੈਂਸ ਰੱਦ, 1 ਲਾਇਸੈਂਸ ਸਸਪੈਂਡ ਅਤੇ 4 ਕੈਮਿਸਟ ਦੁਕਾਨਾਂ ਸੀਲ ਕੀਤੀਆਂ ਗਈਆਂ ਹਨ। ਪ੍ਰੈਗਾਬਾਲਿਨ (Pregabalin) ਕੈਪਸੂਲ ਨੂੰ ਡਰੱਗ ਰੂਲਜ਼ 1945 ਦੇ ਸ਼ਡਿਊਲ ਐਚ 1 ਵਿੱਚ ਸ਼ਾਮਲ ਕਰਵਾਇਆ ਗਿਆ ਹੈ, ਜਿਸ ਤੋਂ ਬਾਅਦ ਇਹ ਦਵਾਈ ਬਿਨਾਂ ਡਾਕਟਰ ਦੀ ਪਰਚੀ ਦੇ ਨਹੀਂ ਵਿਕੇਗੀ। ਉਨ੍ਹਾਂ ਅੱਗੇ ਕਿਹਾ ਕਿ ਪਰਵਿੰਦਰ ਸਿੰਘ ਦੇ ਕੇਸ ਦੀ ਜਾਂਚ ਸੀਬੀਆਈ ਤੋਂ ਕਰਵਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ ਅਤੇ ਮਾਮਲੇ ਦਾ ਫਾਸਟ-ਟਰੈਕ ਅਦਾਲਤ ਵਿੱਚ ਜਲਦੀ ਨਿਪਟਾਰਾ ਕੀਤਾ ਜਾਵੇਗਾ।

ਇਸ ਘਟਨਾ ਵਿੱਚ ਜ਼ਖ਼ਮੀ ਹੋਏ 4 ਹੋਰ ਵਿਅਕਤੀਆਂ ਦਾ ਸਰਕਾਰ ਵੱਲੋਂ ਇਲਾਜ ਕਰਵਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ 5-5 ਲੱਖ ਰੁਪਏ ਮੁਆਵਜ਼ਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਪਰਿਵਾਰ ਨੂੰ ਸੁਰੱਖਿਆ ਵੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਫਲੈਕਸ ਪਾੜਨ ਸਬੰਧੀ ਦਰਜ ਐਫਆਈਆਰ ਨੂੰ ਰੱਦ ਕਰਨ ਦੀ ਮੰਗ 'ਤੇ ਪੁਲਸ ਪ੍ਰਸ਼ਾਸਨ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ।

### ਪਰਵਿੰਦਰ ਝੋਟੇ ਦਾ ਕਾਤਲ ਅਸ਼ਵਨੀ ਪਤਨੀ ਸਣੇ 5 ਦਿਨਾਂ ਦੇ ਪੁਲਸ ਰਿਮਾਂਡ 'ਤੇ, CBI ਨੇ ਪਾਈ ਸੀ ਗ੍ਰਿਫ਼ਤਾਰੀ



ਮੋਹਾਲੀ, (ਗੁਰਜੀਤ ਕੌਰ) ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ 'ਚ ਸੀ. ਬੀ. ਆਈ. ਵੱਲੋਂ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ, ਵਿਪਨ ਗਰਗ, ਨੀਲਮ ਰਾਣੀ ਅਤੇ ਲਾਡੀ ਸਿੰਘ ਦੀ ਗ੍ਰਿਫ਼ਤਾਰੀ ਪਾ ਕੇ ਮੋਹਾਲੀ ਦੀ ਸੀ. ਬੀ. ਆਈ. ਅਦਾਲਤ 'ਚ ਪੇਸ਼ ਕੀਤਾ। ਅਦਾਲਤ 'ਚ ਸੀ. ਬੀ. ਆਈ. ਵੱਲੋਂ ਪੇਸ਼ ਹੋਏ ਵਕੀਲ ਲੀਜ਼ਾ ਗਰੋਵਰ ਨੇ 5 ਦਿਨ ਦੇ ਪੁਲਸ ਰਿਮਾਂਡ ਦੀ ਮੰਗ ਕੀਤੀ, ਜਦੋਂ ਕਿ ਬਚਾਅ ਪੱਖ ਦੇ ਵਕੀਲ ਨੇ ਰਿਮਾਂਡ ਦਾ ਵਿਰੋਧ ਕੀਤਾ। ਸੀ. ਬੀ. ਆਈ. ਅਦਾਲਤ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮੁਲਜ਼ਮਾਂ ਨੂੰ 5 ਦਿਨ ਦੇ ਪੁਲਸ ਰਿਮਾਂਡ ਦੇ ਭੇਜ ਦਿੱਤਾ।

## ਲਾਹੌਰੀਆਂ ਦਾ ਸੱਦਾ, ਭਗਵੰਤ ਮਾਨ ਨੂੰ ਲਾਹੌਰ ਨਾ ਜਾਣ ਦਾ ਮਲਾਲ !

ਸਾਂਝੀ ਖ਼ਬਰ

(ਸੰਦੀਪ ਸਿੰਘ)
ਚੰਡੀਗੜ੍ਹ, 23 ਅਕਤੂਬਰ

ਮੁੱਖ ਮੰਤਰੀ ਭਗਵੰਤ ਮਾਨ ਦਾ ਸਦਨ ਵਿੱਚ ਲਾਹੌਰ 'ਚ 27 ਨਵੰਬਰ ਨੂੰ ਹੋ ਰਹੀ ਕੌਮਾਂਤਰੀ ਪੰਜਾਬੀ ਕਾਨਫ਼ਰੰਸ 'ਚ ਨਾ ਜਾਣ ਦਾ ਮਲਾਲ ਦਿਸਿਆ। ਉਨ੍ਹਾਂ ਦੇ ਬੋਲਾਂ ਤੇ ਮਨ ਤੋਂ ਲਾਹੌਰ ਨਾ ਜਾਣ ਦੀ ਬੇਵਸੀ ਝਲਕੀ, ਕਿਉਂਕਿ ਉਨ੍ਹਾਂ ਨੂੰ ਲਾਹੌਰ ਤੋਂ ਪੰਜਾਬੀ ਕਾਨਫ਼ਰੰਸ 'ਚ ਸ਼ਾਮਲ ਹੋਣ ਦਾ ਸੱਦਾ ਪੱਤਰ ਪ੍ਰਾਪਤ ਹੋਇਆ ਹੈ। ਜਦੋਂ ਸਦਨ 'ਚ ਕੇਂਦਰੀ ਵਿਤਕਰੇ 'ਤੇ ਮੁੱਖ ਮੰਤਰੀ ਬੋਲ ਰਹੇ ਸਨ, ਤਾਂ ਅਚਨਚੇਤ ਉਨ੍ਹਾਂ ਨੇ ਇਹ ਦਿਲਚਸਪ ਮਾਮਲਾ ਸਾਂਝਾ ਕੀਤਾ।ਮੁੱਖ ਮੰਤਰੀ ਨੇ ਦੱਸਿਆ ਕਿ ਲਾਹੌਰ 'ਚ 27 ਨਵੰਬਰ ਨੂੰ ਹੋ ਰਹੀ ਕੌਮਾਂਤਰੀ ਪੰਜਾਬੀ ਕਾਨਫ਼ਰੰਸ ਦੇ ਪ੍ਰਬੰਧਕਾਂ, ਜਿਨ੍ਹਾਂ 'ਚ ਖ਼ਾਸ ਕਰਕੇ ਬਾਬਾ ਨਜ਼ਮੀ ਨੇ ਮੈਨੂੰ ਸੱਦਾ ਭੇਜਿਆ ਹੈ ਕਿ 'ਤੁਸੀਂ ਕਾਨਫ਼ਰੰਸ 'ਚ ਆਓ, ਤੁਹਾਡੀ ਮੇਜ਼ਬਾਨੀ ਕਰਾਂਗੇ।' ਭਗਵੰਤ ਮਾਨ ਨੇ ਦੱਸਿਆ ਕਿ ਉਨ੍ਹਾਂ ਨੇ ਮੋੜਵੇਂ ਰੂਪ 'ਚ ਮੇਜ਼ਬਾਨਾਂ ਨੂੰ ਮਜਬੂਰੀ ਦੱਸੀ ਕਿ, 'ਕੇਂਦਰ ਸਰਕਾਰ ਮੈਨੂੰ ਤਾਂ ਫਰਾਂਸ ਵਰਗੇ ਦੇਸ਼ ਨਹੀਂ ਜਾਣ ਦਿੰਦੀ, ਪਾਕਿਸਤਾਨ ਲਈ ਕਿੱਥੋਂ ਪ੍ਰਵਾਨਗੀ ਦੇ ਦੇਣਗੇ।'



ਮੁੱਖ ਮੰਤਰੀ ਨੇ ਕਿਹਾ ਕਿ ਦੋਵਾਂ ਬੰਨਿਆਂ ਦੇ ਪੰਜਾਬਾਂ ਦੀਆਂ ਸਾਂਝਾਂ ਇੱਕ ਹਨ, ਖੇਤ ਇੱਕ ਹਨ, ਦਾਤੀਆਂ ਅਤੇ ਕਹੀਆਂ ਇੱਕ ਹਨ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦਖ਼ਲ ਦਿੰਦਿਆਂ ਕਿਹਾ ਕਿ 'ਮੁੱਖ ਮੰਤਰੀ ਜੀ! ਤੁਹਾਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਮਿਲ ਗਈ ਤਾਂ ਸਾਨੂੰ ਵੀ ਸਾਰੇ ਵਿਧਾਇਕਾਂ ਸਮੇਤ ਨਾਲ ਲੈ ਕੇ ਚੱਲਿਓ।' ਜਵਾਬ 'ਚ ਮੁੱਖ ਮੰਤਰੀ ਨੇ ਕਿਹਾ ਕਿ ਉਹ ਤਾਂ ਚਾਹੁੰਦੇ ਹਨ ਕਿ ਸਪੀਕਰ ਦੀ ਅਗਵਾਈ 'ਚ ਵਿਰੋਧੀ ਧਿਰ ਸਮੇਤ ਸਾਰੇ ਵਿਧਾਇਕ ਕਰਤਾਰਪੁਰ ਸਾਹਿਬ ਮੱਥਾ ਟੇਕਣ ਜਾਣ, ਲਾਂਘਾ ਖੁੱਲ੍ਹ ਜਾਏ ਤਾਂ ਇਕੱਠੇ ਜਾਈਏ।

ਜ਼ਿਕਰਯੋਗ ਹੈ ਕਿ ਪੰਜਾਬੀ ਪ੍ਰਚਾਰ ਆਰਗੇਨਾਈਜ਼ੇਸ਼ਨ ਵੱਲੋਂ 'ਪੰਜਾਬੀ ਲਹਿਰ' ਅਤੇ ਪੰਜਾਬ ਇੰਸਟੀਚਿਊਟ ਆਫ਼ ਲੈਂਗੂਏਜ, ਆਰਟ ਐਂਡ ਕਲਚਰ ਦੇ ਸਹਿਯੋਗ ਨਾਲ 27 ਨਵੰਬਰ ਤੋਂ 29 ਨਵੰਬਰ ਤੱਕ ਲਾਹੌਰ 'ਚ ਕੌਮਾਂਤਰੀ ਪੰਜਾਬੀ ਕਾਨਫ਼ਰੰਸ ਕਰਵਾਈ ਜਾ ਰਹੀ ਹੈ, ਜਿਸ 'ਚ ਨੌਂ ਦੇਸ਼ਾਂ ਤੋਂ ਮਹਿਮਾਨ ਪੁੱਜਣ ਦੀ ਸੰਭਾਵਨਾ ਹੈ।

## ਪੰਜਾਬ ''ਚ ਨਸ਼ਿਆਂ ਨੂੰ ਰੋਕਣ ਦੀ ਦਿਸ਼ਾ 'ਚ ਵੱਡਾ ਕਦਮ! ਗਜ਼ਟ ਨੋਟੀਫ਼ਿਕੇਸ਼ਨ ਜਾਰੀ

ਸਾਂਝੀ ਖ਼ਬਰ

(ਅਰਸ਼ਦੀਪ ਸਿੰਘ)
ਚੰਡੀਗੜ੍ਹ, 23 ਅਕਤੂਬਰ

ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਵਿਭਾਗ ਨੇ ਸੂਬੇ ਵਿਚ ਨਸ਼ਾ ਤਸਕਰੀ ਵਿਰੁੱਧ ਕਾਰਵਾਈ ਨੂੰ ਹੋਰ ਮਜ਼ਬੂਤ ਕਰਨ ਲਈ 6 ਸੀਨੀਅਰ ਆਈ.ਪੀ.ਐਸ. ਅਧਿਕਾਰੀਆਂ ਨੂੰ ਵਿਸ਼ੇਸ਼ ਅਧਿਕਾਰ ਅਤੇ ਤਾਕਤਾਂ ਸੌਂਪਣ ਦਾ ਗਜ਼ਟ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਹ ਨੋਟੀਫਿਕੇਸ਼ਨ 'ਪ੍ਰੀਵੈਂਸ਼ਨ ਆਫ਼ ਇਲਿਸਿਟ ਟ੍ਰੈਫਿਕ ਇਨ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟਾਂਸਿਜ਼ ਐਕਟ, 1988' (NDPS Act) ਦੀ ਧਾਰਾ 3(1) ਤਹਿਤ ਜਾਰੀ ਕੀਤਾ ਗਿਆ ਹੈ।

ਗ੍ਰਹਿ ਮਾਮਲੇ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਲੋਕ ਸ਼ੇਖਰ ਵੱਲੋਂ ਇਹ ਸਰਕਾਰੀ ਨੋਟੀਫਿਕੇਸ਼ਨ 21 ਅਕਤੂਬਰ ਨੂੰ ਜਾਰੀ ਕੀਤਾ ਗਿਆ ਹੈ। ਇਸ ਤਹਿਤ ਜਿਨ੍ਹਾਂ ਕਮਿਸ਼ਨਰੇਟਾਂ, ਪੁਲਸ ਰੇਂਜਾਂ ਅਤੇ ਹੈੱਡਕੁਆਰਟਰ ਯੂਨਿਟਾਂ ਵਿਚ ਇੰਸਪੈਕਟਰ ਜਨਰਲ ਆਫ਼ ਪੁਲਸ (IGP) ਰੈਂਕ ਦੇ ਅਧਿਕਾਰੀ ਉਪਲਬਧ ਨਹੀਂ ਹਨ, ਉੱਥੇ ਹੇਠ ਲਿਖੇ 6 IPS ਅਧਿਕਾਰੀਆਂ ਨੂੰ ਵਿਸ਼ੇਸ਼ ਸ਼ਕਤੀਆਂ ਦਿੱਤੀਆਂ ਗਈਆਂ ਹਨ:



1. ਏ. ਐੱਸ. ਰਾਏ – ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਸ, ਟ੍ਰੈਫਿਕ
2. ਗੌਤਮ ਚੀਮਾ – ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਸ
3. ਸ਼ਿਵ ਵਰਮਾ – ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਸ, ਇੰਟਰਨਲ ਸਿਕਿਓਰਿਟੀ
4. ਕੌਸਤੁਭ ਸ਼ਰਮਾ – ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਸ, ਸਿਕਿਓਰਿਟੀ
5. ਨੈਨਿਹਾਲ ਸਿੰਘ – ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਸ, ਇੰਟਰਨਲ ਵਿਜੀਲੈਂਸ ਸੈੱਲ
6. ਐੱਸ. ਭੂਪਤੀ – ਇੰਸਪੈਕਟਰ ਜਨਰਲ ਆਫ਼ ਪੁਲਸ, ਪ੍ਰੋਵੀਜ਼ਨਿੰਗ

ਨੋਟੀਫਿਕੇਸ਼ਨ ਦੇ ਅਨੁਸਾਰ, ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਸ ਵੱਲੋਂ ਇਨ੍ਹਾਂ ਅਧਿਕਾਰੀਆਂ ਨੂੰ ਪ੍ਰਸ਼ਾਸਨਿਕ ਤੌਰ 'ਤੇ ਖੇਤਰ ਅਲਾਟ ਕੀਤੇ ਜਾਣਗੇ, ਜਿਨ੍ਹਾਂ ਦੇ ਅਧੀਨ ਇਹ ਅਧਿਕਾਰੀ ਨਸ਼ਾ ਸਮੱਗਲਿੰਗ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਉਣਗੇ।

## ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੀ ਕਾਰਵਾਈ 27 ਅਕਤੂਬਰ ਤੱਕ ਮੁਲਤਵੀ

ਸਾਂਝੀ ਖ਼ਬਰ

(ਗਗਨਦੀਪ ਕੌਰ)
ਚੰਡੀਗੜ੍ਹ, 23 ਅਕਤੂਬਰ

ਪੰਜਾਬ ਵਿਧਾਨ ਸਭਾ ਦੇ 16ਵੇਂ ਸੈਸ਼ਨ ਦੇ 13ਵੇਂ ਇਜਲਾਸ ਦੀ ਦੂਜੇ ਦਿਨ ਦੀ ਕਾਰਵਾਈ ਕਾਫੀ ਹੰਗਾਮਾ ਭਰਪੂਰ ਰਹੀ। ਵਿਰੋਧੀ ਧਿਰ ਵੱਲੋਂ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਜ਼ੋਰਦਾਰ ਹੰਗਾਮਾ ਕੀਤਾ ਗਿਆ। ਇਸ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਵਿਧਾਨ ਸਭਾ ਵਿੱਚ ਐੱਸ.ਆਈ.ਆਰ. (S.I.R.) ਖ਼ਿਲਾਫ਼ ਪੇਸ਼ ਕੀਤੇ ਗਏ। ਜਿਸ ਤੋਂ ਬਾਅਦ ਸਪੀਕਰ ਵੱਲੋਂ ਅੱਜ ਦੀ ਕਾਰਵਾਈ ਨੂੰ



ਮੰਗਲਵਾਰ 27 ਅਕਤੂਬਰ 2026 ਤੱਕ ਮੁਲਤਵੀ ਕਰ ਦਿੱਤਾ ਗਿਆ।

27 ਅਕਤੂਬਰ ਨੂੰ ਇਸ ਸੈਸ਼ਨ 'ਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਕਾਨੂੰਨ ਵਿਵਸਥਾ ਅਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ 'ਤੇ ਹੰਗਾਮਾ ਹੋਣ ਦੀ ਉਮੀਦ ਹੈ।

## 'ਐਂਟੀ ਡਰੋਨ ਬੱਸ' ਦਾ ਸਿਪਾਹੀ ਤਸਕਰਾਂ ਨਾਲ ਘਿਉ-ਖਿਚੜੀ!, 23 ਖੇਪਾਂ ਦੀ ਪ੍ਰਾਪਤੀ ਕਬੂਲ

ਸਾਂਝੀ ਖ਼ਬਰ

(ਸੰਦੀਪ ਸਿੰਘ)
ਚੰਡੀਗੜ੍ਹ, 23 ਅਕਤੂਬਰ

ਨਾਰਕੋਟਿਕਸ ਕੰਟਰੋਲ ਬਿਊਰੋ ਵੱਲੋਂ ਕੀਤੀ ਤਫ਼ਤੀਸ਼ 'ਚ ਸਾਹਮਣੇ ਆਇਆ ਹੈ ਕਿ ਸਰਹੱਦ ਪਾਰੋਂ ਨਸ਼ਾ ਤਸਕਰੀ ਰੋਕਣ 'ਐਂਟੀ ਡਰੋਨ ਸਿਸਟਮ' 'ਤੇ ਤਾਇਨਾਤ ਪੰਜਾਬ ਪੁਲੀਸ ਦਾ ਸਿਪਾਹੀ ਕਰਨਦੀਪ ਸਿੰਘ ਨਸ਼ਾ ਤਸਕਰਾਂ ਨਾਲ ਘਿਉ ਖਿਚੜੀ ਸੀ। ਬਿਊਰੋ ਨੇ ਇਸ ਸਿਪਾਹੀ ਨੂੰ 15 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਸੀ ਜਿਸ ਕੋਲੋਂ 15 ਕਿੱਲੋ ਹੈਰੋਇਨ ਫੜੀ ਗਈ ਸੀ।






ਜਾਂਚ 'ਚ ਪਤਾ ਲੱਗਿਆ ਹੈ ਕਿ ਇਹ ਸਿਪਾਹੀ ਸਰਹੱਦ ਪਾਰ ਤੋਂ ਆਈਆਂ ਕਰੀਬ 23 ਖੇਪਾਂ ਪ੍ਰਾਪਤ ਕਰ ਚੁੱਕਿਆ ਹੈ। ਜੂਨ ਮਹੀਨੇ ਤੋਂ ਇਹ ਖੇਪਾਂ ਹਾਸਲ ਕਰ ਰਿਹਾ ਸੀ।

ਸੂਤਰਾਂ ਅਨੁਸਾਰ ਸਿਪਾਹੀ ਕਰਨਦੀਪ ਸਿੰਘ ਪਾਕਿਸਤਾਨ 'ਚ ਬੈਠੇ ਤਸਕਰਾਂ ਨੂੰ ਡਰੋਨ ਜ਼ਰੀਏ ਨਸ਼ਾ ਸੁੱਟਣ ਲਈ ਸੁਰੱਖਿਅਤ ਥਾਵਾਂ ਬਾਰੇ ਦੱਸਦਾ ਸੀ। ਸੁਰੱਖਿਅਤ ਥਾਵਾਂ ਦੀ ਲੋਕੇਸ਼ਨ ਵੀ ਉਹ ਪਾਕਿਸਤਾਨੀ ਤਸਕਰਾਂ ਨੂੰ ਭੇਜਦਾ ਸੀ। ਉਸ ਨੇ ਪੁਲੀਸ ਨੂੰ ਦੋ ਖੇਪਾਂ ਦੀ ਬਰਾਮਦਗੀ ਵੀ ਕਰਾਈ ਸੀ। ਇਹ ਸਿਪਾਹੀ ਖੁਦ ਹੈਰੋਇਨ ਦਾ ਨਸ਼ਾ ਕਰਦਾ ਹੈ। ਇਸ ਧੰਦੇ ਲਈ ਉਸ ਨੂੰ ਤਸਕਰਾਂ ਤੋਂ ਪੈਸੇ ਤੇ ਨਸ਼ਾ ਮਿਲਦਾ ਸੀ। ਸਿਪਾਹੀ ਕਰਨਦੀਪ ਸਿੰਘ ਨੇ ਆਪਣੇ ਆਪ ਨੂੰ ਖ਼ਤਰਾ ਦੱਸ ਕੇ ਅਸਲਾ ਲਾਇਸੈਂਸ ਵੀ ਲਿਆ ਹੋਇਆ ਸੀ।

ਪੰਜਾਬ ਸਰਕਾਰ ਵੱਲੋਂ 'ਬਾਜ ਅੱਖ' ਬੈਨਰ ਹੇਠ ਕੌਮਾਂਤਰੀ ਸਰਹੱਦ 'ਤੇ 'ਐਂਟੀ ਡਰੋਨ ਸਿਸਟਮ' ਵਾਲੀਆਂ ਕਈ ਬੱਸਾਂ ਖੜ੍ਹੀਆਂ ਕੀਤੀਆਂ ਹਨ। ਉਪਰੋਕਤ ਸਿਪਾਹੀ ਦੀ ਥਾਣਾ ਖਾਲੜਾ ਦੇ ਖੇਤਰ ਵਿੱਚ ਕੌਮਾਂਤਰੀ ਸਰਹੱਦ 'ਤੇ ਐਂਟੀ ਡਰੋਨ ਸਿਸਟਮ 'ਤੇ ਉਸ ਦੀ ਤਾਇਨਾਤੀ ਸੀ। ਪੰਜਾਬ ਪੁਲੀਸ ਨੇ ਜਿਸ ਸਿਪਾਹੀ ਨੂੰ ਸਰਹੱਦ ਪਾਰੋਂ ਨਸ਼ਾ ਤਸਕਰੀ ਰੋਕਣ ਲਈ ਤਾਇਨਾਤ ਕੀਤਾ, ਉਹ ਸਿਪਾਹੀ ਹੀ ਨਸ਼ੇ ਦਾ ਸੌਦਾਗਰ ਨਿਕਲਿਆ। 'ਐਂਟੀ ਡਰੋਨ ਸਿਸਟਮ' ਜ਼ਰੀਏ ਪਾਕਿਸਤਾਨ ਵਿੱਚੋਂ ਡਰੋਨ ਰਾਹੀਂ ਆਉਣ ਵਾਲੇ ਨਸ਼ੇ ਦਾ ਪਤਾ ਲਗਾਇਆ ਜਾਂਦਾ ਹੈ।

## ਘਰ ਵਿੱਚ ਦਾਖਲ ਹੋ ਕੇ ਕੁੱਟਮਾਰ ਕਰਨ ਦੇ ਮਾਮਲੇ ਵਿੱਚ ਚਾਰ ਮੁਲਜ਼ਮਾਂ ਨੂੰ ਦੋ-ਦੋ ਸਾਲ ਦੀ ਕੈਦ ਅਤੇ ਜੁਰਮਾਨਾ

ਸਾਂਝੀ ਖ਼ਬਰ

ਬਰਨਾਲਾ,
(ਸੰਦੀਪ ਸਿੰਘ/ਕੁਲਦੀਪ ਸਿੰਘ)

23 ਅਕਤੂਬਰ : ਘਰ ਵਿੱਚ ਦਾਖਲ ਹੋ ਕੇ ਬੇਸਬਾਲ ਅਤੇ ਡੰਡਿਆਂ ਨਾਲ ਕੁੱਟਮਾਰ ਕਰਕੇ ਸੱਟਾਂ ਮਾਰਨ ਦੇ ਮਾਮਲੇ ਵਿੱਚ ਮਾਣਯੋਗ ਅਦਾਲਤ ਸ਼੍ਰੀਮਤੀ ਮਨੀ ਅਰੋੜਾ, ਐਡੀਸ਼ਨਲ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ, ਬਰਨਾਲਾ ਵੱਲੋਂ ਚਾਰ ਮੁਲਜ਼ਮਾਂ ਨੂੰ ਦੋ-ਦੋ ਸਾਲ ਦੀ ਕੈਦ ਅਤੇ 2,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਐਡਵੋਕੇਟ ਚੰਦਰ ਬਾਂਸਲ ਨੇ ਦੱਸਿਆ ਕਿ ਨਿਰਮਲ ਸਿੰਘ ਪੁੱਤਰ ਜਰਨੈਲ ਸਿੰਘ, ਵਾਸੀ ਪਿੰਡ ਕਾਨ੍ਹੇਕੇ, ਜ਼ਿਲ੍ਹਾ ਬਰਨਾਲਾ, ਨੇ ਥਾਣਾ ਰੂੜੇਕੇ ਕਲਾਂ ਵਿਖੇ ਪੁਲਿਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਦੱਸਿਆ ਸੀ ਕਿ ਉਹ ਖੇਤੀਬਾੜੀ ਦਾ ਕੰਮ ਕਰਦਾ ਹੈ ਅਤੇ ਉਸ ਦੀ ਮਾਤਾ ਸਿੰਦਰਪਾਲ ਕੌਰ ਕੋਆਪਰੇਟਿਵ ਸੋਸਾਇਟੀ ਕਾਨ੍ਹੇਕੇ ਦੀ ਮੀਤ ਪ੍ਰਧਾਨ ਹੈ।



ਨਿਰਮਲ ਸਿੰਘ ਵੱਲੋਂ ਪੁਲਿਸ ਨੂੰ ਦਿੱਤੇ ਬਿਆਨਾਂ ਮੁਤਾਬਕ, ਮਿਤੀ 5 ਸਤੰਬਰ 2019 ਨੂੰ ਸ਼ਾਮ ਕਰੀਬ 7:15 ਵਜੇ ਜਦੋਂ ਉਹ ਆਪਣੇ ਘਰ ਮੌਜੂਦ ਸੀ ਤਾਂ ਸੁਖਬੀਰ ਸਿੰਘ ਪੁੱਤਰ ਜਗਦੇਵ ਸਿੰਘ, ਕਰਮਜੀਤ ਸਿੰਘ ਪੁੱਤਰ ਬਹਾਦਰ ਸਿੰਘ ਅਤੇ ਖੁਸ਼ਵਿੰਦਰ ਸਿੰਘ ਉਰਫ਼ ਖੁਸ਼ੀ ਅਮਰ ਸਿੰਘ, ਵਾਸੀ ਪਿੰਡ ਕਾਨ੍ਹੇਕੇ, ਮੋਟਰਸਾਈਕਲ 'ਤੇ ਆਏ ਅਤੇ ਉਸ ਦੇ ਘਰ ਅੰਦਰ ਦਾਖਲ ਹੋ ਕੇ ਬੇਸਬਾਲ ਅਤੇ ਡੰਡਿਆਂ ਨਾਲ ਉਸ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਨੂੰ ਗੰਭੀਰ ਸੱਟਾਂ ਲੱਗੀਆਂ।

ਇਸ ਘਟਨਾ ਸਬੰਧੀ ਪੁਲਿਸ ਵੱਲੋਂ ਮੁਕੱਦਮਾ ਨੰਬਰ 63, ਮਿਤੀ 6 ਸਤੰਬਰ 2019, ਥਾਣਾ ਰੂੜੇਕੇ ਕਲਾਂ ਵਿਖੇ ਦਰਜ ਕਰਕੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਮਾਮਲੇ ਦੀ ਸੁਣਵਾਈ ਦੌਰਾਨ ਪੇਸ਼ ਕੀਤੇ ਗਏ ਸਬੂਤਾਂ ਅਤੇ ਅਦਾਲਤੀ ਕਾਰਵਾਈ ਉਪਰੰਤ ਮਾਣਯੋਗ ਅਦਾਲਤ ਵੱਲੋਂ ਦੋਸ਼ੀਆਂ ਨੂੰ ਦੋ-ਦੋ ਸਾਲ ਦੀ ਕੈਦ ਅਤੇ 2,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ।

## ਵਿਧਾਨ ਸਭਾ 'ਚ CM ਮਾਨ ਨੇ ਪੇਸ਼ ਕੀਤੇ ਅੰਕੜੇ, ਕਿਹਾ ਅਸੀਂ ਪੰਜਾਬ ਨੂੰ 'ਡਾਰਕ ਜ਼ੋਨ' 'ਚੋਂ ਬਾਹਰ ਕੱਢਿਆ

ਸਾਂਝੀ ਖ਼ਬਰ

(ਸੰਦੀਪ ਸਿੰਘ)
ਚੰਡੀਗੜ੍ਹ, 23 ਅਕਤੂਬਰ

ਪੰਜਾਬ ਵਿਧਾਨ ਸਭਾ ਸੈਸ਼ਨ ਦੇ ਦੂਜੇ ਦਿਨ ਦੀ ਕਾਰਵਾਈ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਿਚ ਘੱਟ ਰਹੇ ਪਾਣੀ ਦੇ ਪੱਧਰ ਬਾਰੇ ਅੰਕੜੇ ਪੇਸ਼ ਕੀਤੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪੰਜਾਬ ਹੁਣ ਡਾਰਕ ਜ਼ੋਨ ਵਿਚੋਂ ਨਿਕਲ ਚੁੱਕਾ ਹੈ ਅਤੇ ਪਾਣੀ ਦਾ ਪੱਧਰ ਥੋੜ੍ਹਾ ਵਧਿਆ ਹੈ। ਝੋਨੇ ਦੇ ਸੀਜ਼ਨ ਸਬੰਧੀ ਬੋਲਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਾਡੇ ਕੋਲ ਭਾਰਤ ਸਰਕਾਰ ਦੇ ਭੂ-ਜਲ ਦੇ ਕੁਝ ਅੰਕੜੇ ਆਏ ਹਨ, ਜੋਕਿ ਬੇਹੱਦ ਪਾਜ਼ੇਟਿਵ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਬਾਰਿਸ਼ ਘੱਟ ਹੋਣ ਕਾਰਨ ਨਹਿਰੀ ਪਾਣੀ ਪੰਜਾਬ ਦੇ ਲੋਕਾਂ ਤੱਕ ਪਹੁੰਚਿਆ ਹੈ, ਜਿਸ ਕਰਕੇ ਝਾੜ ਵੀ ਵਧਿਆ ਹੈ। ਉਨ੍ਹਾਂ ਕਿਹਾ ਕਿ ਪਾਣੀ ਧਰਤੀ ਵਿਚੋਂ ਘੱਟ ਵਰਤਿਆ ਗਿਆ ਹੈ।

18 ਹਜ਼ਾਰ ਕਿਊਸਿਕ ਪਾਣੀ ਮੋਘਿਆਂ ਰਾਹੀਂ ਕੱਢ ਕੇ ਪੰਜਾਬ ਦੇ ਖੇਤਾਂ ਨੂੰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ



ਪਾਣੀ ਦਾ ਪੱਧਰ ਇਕ ਮੀਟਰ ਤੋਂ 5 ਮੀਟਰ ਤੱਕ ਵਧਿਆ ਹੈ, ਜਿਸ ਕਰਕੇ ਬਹੁਤੇ ਇਲਾਕੇ ਜਿਹੜੇ ਡਾਰਕ ਜ਼ੋਨ ਵਿਚ ਸਨ, ਉਹ ਹੁਣ ਸੇਫ਼ ਜ਼ੋਨ ਵਿਚ ਆ ਗਏ ਹਨ, ਜਿਸ ਕਰਕੇ ਪੰਜਾਬ ਡਾਰਕ ਜ਼ੋਨ ਵਿਚੋਂ ਬਾਹਰ ਆਇਆ ਹੈ। ਭਾਰਤ ਸਰਕਾਰ ਦੇ ਅੰਕੜੇ ਪੇਸ਼ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਹ ਜਿਹੜੇ ਅੰਕੜੇ ਸਾਨੂੰ ਮਿਲੇ ਹਨ, ਉਹ ਭਾਰਤ ਸਰਕਾਰ ਦੇ ਭੂ-ਜਲ ਬੋਰਡ ਦੇ ਅੰਕੜੇ ਹਨ।14 ਹਜ਼ਾਰ ਕਿਲੋਮੀਟਰ ਤੱਕ ਪਾਈਪ ਲਾਈਨ ਵਿਛਾਈ ਗਈ ਹੈ ਅਤੇ 6 ਹਜ਼ਾਰ ਕਿਲੋਮੀਟਰ ਹੋਰ ਪਾਈਪ ਵਿਛਾਈ ਜਾਣੀ ਹੈ। ਉਨ੍ਹਾਂ ਕਿਹਾ ਕਿ ਸਾਡੇ ਸੂਬੇ ਦਾ ਨਾਂ ਪਾਣੀਆਂ 'ਤੇ ਹੈ, ਜਿਸ ਨੂੰ ਅਸੀਂ ਰੇਗਿਸਤਾਨ ਨਹੀਂ ਬਣਨ ਦੇਣਾ।

# ਵਿਸ਼ਵਾਸ ਫਾਊਂਡੇਸ਼ਨ ਨੇ ਜੀਰਕਪੁਰ ਵਿੱਚ ਲਗਾਇਆ ਖ਼ੂਨਦਾਨ ਕੈਂਪ, 30 ਯੂਨਿਟ ਖ਼ੂਨ ਇਕੱਠਾ

ਸਾਂਝੀ ਖ਼ਬਰ

ਪੀ ਐਸ ਮਿੱਠਾ
ਜੀਰਕਪੁਰ, 23 ਅਕਤੂਬਰ



ਹਸਪਤਾਲਾਂ ਵਿੱਚ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਅਤੇ ਲੋਕਾਂ ਨੂੰ ਸਵੈ-ਇੱਛੁਕ ਖ਼ੂਨਦਾਨ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਵਿਸ਼ਵਾਸ ਫਾਊਂਡੇਸ਼ਨ ਵੱਲੋਂ ਗੁਰੂਦੇਵ ਸ਼੍ਰੀ ਸਵਾਮੀ ਵਿਸ਼ਵਾਸ ਜੀ ਦੇ ਆਸ਼ੀਰਵਾਦ ਨਾਲ ਅੰਬਾਲਾ–ਚੰਡੀਗੜ੍ਹ ਰੋਡ ’ਤੇ ਮੈਟਰੋ ਸਟੋਰ ਦੇ ਸਾਹਮਣੇ, ਜੀਰਕਪੁਰ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦਾ ਆਯੋਜਨ ਇੰਡੀਅਨ ਰੈੱਡ ਕਰਾਸ ਸੋਸਾਇਟੀ, ਜ਼ਿਲ੍ਹਾ ਸ਼ਾਖਾ ਐੱਸ.ਏ.ਐੱਸ. ਨਗਰ ਦੇ ਸਹਿਯੋਗ ਨਾਲ ਕੀਤਾ ਗਿਆ।

ਕੈਂਪ ਦੌਰਾਨ ਐੱਮ ਕੇਅਰ ਬਲੱਡ ਸੈਂਟਰ, ਜੀਰਕਪੁਰ ਦੀ ਮੈਡੀਕਲ ਟੀਮ ਵੱਲੋਂ ਡਾਕਟਰ ਕਾਰਤਿਕ ਅਗਗਰਵਾਲ ਨੇ ਖ਼ੂਨਦਾਤਾਵਾਂ ਦੀ ਸਿਹਤ ਜਾਂਚ ਕਰਨ ਤੋਂ ਬਾਅਦ ਕੁੱਲ 30 ਯੂਨਿਟ ਖ਼ੂਨ ਇਕੱਠਾ ਕੀਤਾ। ਜੀਰਕਪੁਰ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਆਏ ਨੌਜਵਾਨਾਂ, ਸਥਾਨਕ ਵਸਨੀਕਾਂ, ਵਪਾਰੀਆਂ ਅਤੇ ਰਾਹਗੀਰਾਂ ਨੇ ਉਤਸ਼ਾਹ ਨਾਲ ਖ਼ੂਨਦਾਨ ਕਰਕੇ ਮਨੁੱਖਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ।

ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਸਾਰੇ ਖ਼ੂਨਦਾਤਾਵਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਖ਼ੂਨਦਾਨ ਇੱਕ ਮਹਾਨ ਮਨੁੱਖੀ ਸੇਵਾ ਹੈ। ਇੱਕ ਤੰਦਰੁਸਤ ਵਿਅਕਤੀ ਵੱਲੋਂ ਕੀਤਾ ਗਿਆ ਖ਼ੂਨਦਾਨ ਕਿਸੇ ਲੋੜਵੰਦ ਮਰੀਜ਼ ਨੂੰ ਨਵਾਂ ਜੀਵਨ ਦੇ ਸਕਦਾ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਨਿਯਮਿਤ ਤੌਰ ’ਤੇ ਖ਼ੂਨਦਾਨ ਕਰਨ ਅਤੇ ਹੋਰ ਲੋਕਾਂ ਨੂੰ ਵੀ ਇਸ ਲਈ ਪ੍ਰੇਰਿਤ ਕਰਨ ਦੀ ਅਪੀਲ ਕੀਤੀ। ਖ਼ੂਨਦਾਨ ਕੈਂਪ ਵਿੱਚ ਸੰਸਥਾ ਦੇ ਅਨੁਯਾਈ ਸੰਦੀਪ ਪਰਮਾਰ ਰੋਮੀ ਨੇ ਵੀ ਖ਼ੂਨਦਾਨ ਕੀਤਾ।

ਸੰਸਥਾ ਦੇ ਸੰਯੁਕਤ ਸਕੱਤਰ ਰਿਸ਼ੀ ਸਰਲ ਵਿਸ਼ਵਾਸ ਨੇ ਦੱਸਿਆ ਕਿ ਵਿਸ਼ਵਾਸ ਫਾਊਂਡੇਸ਼ਨ ਵੱਲੋਂ ਦਸੰਬਰ 2004 ਤੋਂ ਲਗਾਤਾਰ ਖ਼ੂਨਦਾਨ ਕੈਂਪ ਲਗਾਏ ਜਾ ਰਹੇ ਹਨ। ਸੰਸਥਾ ਦਾ ਉਦੇਸ਼ ਹਸਪਤਾਲਾਂ ਵਿੱਚ ਖ਼ੂਨ ਦੀ ਲੋੜ ਨੂੰ ਪੂਰਾ ਕਰਨ ਵਿੱਚ ਸਹਿਯੋਗ ਦੇਣਾ ਅਤੇ ਸਮਾਜ ਵਿੱਚ ਸਵੈ-ਇੱਛੁਕ ਖ਼ੂਨਦਾਨ ਪ੍ਰਤੀ ਜਾਗਰੂਕਤਾ ਵਧਾਉਣਾ ਹੈ।

ਖ਼ੂਨਦਾਨ ਕਰਨ ਵਾਲੇ ਸਾਰੇ ਖ਼ੂਨਦਾਤਾਵਾਂ ਨੂੰ ਪ੍ਰਸ਼ੰਸਾ-ਪੱਤਰ ਅਤੇ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ। ਕੈਂਪ ਨੂੰ ਸਫਲ ਬਣਾਉਣ ਵਿੱਚ ਵਿਸ਼ਵਾਸ ਫਾਊਂਡੇਸ਼ਨ ਦੇ ਰਿਸ਼ੀ ਸ਼ਾਸ਼ਵਤ ਵਿਸ਼ਵਾਸ, ਡਾਕਟਰ ਪ੍ਰੇਮ ਨਾਥ ਬਾਂਸਲ, ਸਤੀਆ ਭੂਸ਼ਨ ਖੁਰਾਨਾ, ਸੰਦੀਪ ਪਰਮਾਰ ਰੋਮੀ, ਇੰਡੀਅਨ ਰੈੱਡ ਕਰਾਸ ਸੋਸਾਇਟੀ ਅਤੇ ਐੱਮ ਕੇਅਰ ਬਲੱਡ ਸੈਂਟਰ ਦੀ ਟੀਮ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਗਲੋਬਲ ਮੈਗਾ ਗ੍ਰੀਨ ਐਨਰਜੀ (GMGE) ਦੀ ਇਕੁਇਟੀ ਪ੍ਰਾਈਵੇਟ ਪਲੇਸਮੈਂਟ ਪੇਸ਼ਕਸ਼, ਕੰਪਨੀ ਦੀ ਕੀਮਤ 1 ਅਰਬ ਅਮਰੀਕੀ ਡਾਲਰ ਅੰਕਿਤ

ਸਾਂਝੀ ਖ਼ਬਰ

ਏਜੰਸੀ
ਮੁੰਬਈ, 23 ਅਕਤੂਬਰ




ਗਲੋਬਲ ਮੈਗਾ ਗ੍ਰੀਨ ਐਨਰਜੀ (GMGE), ਜੋ ਗਲੋਬਲ ਮਿਡਾਸ ਕੈਪੀਟਲ ਫੰਡ ਦਾ ਇੱਕ ਨਿਵੇਸ਼ ਉੱਦਮ ਹੈ, ਨੇ ਆਪਣੀ ਇਕੁਇਟੀ ਪ੍ਰਾਈਵੇਟ ਪਲੇਸਮੈਂਟ ਪੇਸ਼ਕਸ਼ ਪੇਸ਼ ਕੀਤੀ ਹੈ। ਕੰਪਨੀ ਦੀ ਕੀਮਤ 1 ਅਰਬ ਅਮਰੀਕੀ ਡਾਲਰ ਅੰਕਿਤ ਕੀਤੀ ਗਈ ਹੈ। ਇਹ ਮੁਲਾਂਕਣ ਭਾਰਤ ਅਤੇ ਨੇਪਾਲ ਵਿੱਚ ਕੰਪਨੀ ਦੇ ਮਜ਼ਬੂਤ ਕਾਰੋਬਾਰੀ ਆਧਾਰ ਨੂੰ ਧਿਆਨ ਵਿੱਚ ਰੱਖਦਿਆਂ ਵਿਕਰੀ ਦੇ ਮੁਕਾਬਲੇ ਉੱਦਮ ਮੁੱਲ ਦੇ 1.5 ਗੁਣਾ ਅਨੁਪਾਤ 'ਤੇ ਆਧਾਰਿਤ ਦੱਸਿਆ ਗਿਆ ਹੈ।

ਗਲੋਬਲ ਮੈਗਾ ਗ੍ਰੀਨ ਐਨਰਜੀ (GMGE) ਦੇ ਸੰਸਥਾਪਕ ਬਾਬਾ ਇੰਦਰ ਪ੍ਰੀਤ ਨੇ ਕਿਹਾ, “GMGE ਦਾ ਕਾਰੋਬਾਰੀ ਮਾਡਲ ਭਾਰਤ ਅਤੇ ਨੇਪਾਲ ਵਿੱਚ ਆਪਣੇ ਸਾਰੇ ਭਾਈਵਾਲਾਂ ਅਤੇ ਹਿੱਤਧਾਰਕਾਂ ਲਈ ਵਿਆਪਕ ਆਰਥਿਕ ਲਾਭ ਅਤੇ ਮੁੱਲ ਵਧਾਉਣ ਦੇ ਮੌਕੇ ਪੈਦਾ ਕਰਦਾ ਹੈ। ਇਨ੍ਹਾਂ ਵਿੱਚ ਸੰਸਥਾਗਤ ਅਤੇ ਵਿਅਕਤੀਗਤ ਨਿਵੇਸ਼ਕ, ਇਲੈਕਟ੍ਰਿਕ ਵਾਹਨਾਂ ਦੇ ਚਾਰਜਿੰਗ ਸਟੇਸ਼ਨ ਸਥਾਪਤ ਕਰਨ ਲਈ ਜ਼ਮੀਨ ਮੁਹੱਈਆ ਕਰਵਾਉਣ ਵਾਲੇ ਮਾਲਕ, ਰਾਜ ਅਤੇ ਸੂਬਾ ਪੱਧਰ ਦੀਆਂ ਫਰੈਂਚਾਈਜ਼ੀਆਂ, ਡੀਲਰ ਅਤੇ ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਕਰਨ ਵਾਲੇ ਗਾਹਕ ਸ਼ਾਮਲ ਹਨ। ਭਾਰਤ ਅਤੇ ਨੇਪਾਲ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਇਲੈਕਟ੍ਰਿਕ ਵਾਹਨਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਇਸ ਖੇਤਰ ਵਿੱਚ ਕਈ ਗੁਣਾ ਵਿਕਾਸ ਦੇ ਮੌਕੇ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਮੌਕਿਆਂ ਦਾ ਲਾਭ ਉਨ੍ਹਾਂ ਕੰਪਨੀਆਂ ਨੂੰ ਮਿਲੇਗਾ, ਜੋ ਸਾਰੇ ਹਿੱਤਧਾਰਕਾਂ ਲਈ ਅਸਲ ਆਰਥਿਕ ਅਤੇ ਵਪਾਰਕ ਲਾਭ ਯਕੀਨੀ ਬਣਾਉਣ ਦੇ ਸਮਰੱਥ ਹਨ। ਇਹੀ GMGE ਦੀ ਮੁੱਖ ਤਾਕਤ ਹੈ।”

ਕੰਪਨੀ ਦਾ ਟੀਚਾ ਅਗਲੇ ਪੰਜ ਸਾਲਾਂ ਵਿੱਚ ਭਾਰਤ ਅਤੇ ਨੇਪਾਲ ਦੇ ਸਾਂਝੇ ਬਾਜ਼ਾਰ ਵਿੱਚ ਇਲੈਕਟ੍ਰਿਕ ਵਾਹਨ ਚਾਰਜਿੰਗ ਸਟੇਸ਼ਨਾਂ ਦੇ ਕਾਰੋਬਾਰ ਵਿੱਚ ਘੱਟੋ-ਘੱਟ 25 ਫ਼ੀਸਦੀ ਬਾਜ਼ਾਰ ਹਿੱਸੇਦਾਰੀ ਹਾਸਲ ਕਰਨਾ ਹੈ। ਇਸ ਦੇ ਨਾਲ ਹੀ ਕੰਪਨੀ ਏਸ਼ੀਆ ਦੀਆਂ ਮੋਹਰੀ ਗੈਰ-ਸੂਚੀਬੱਧ ਕੰਪਨੀਆਂ ਵਿੱਚ ਆਪਣੀ ਪਛਾਣ ਬਣਾਉਣਾ ਚਾਹੁੰਦੀ ਹੈ।

ਕੰਪਨੀ ਮੁਤਾਬਕ, ਉੱਚ ਗੁਣਵੱਤਾ ਵਾਲੀਆਂ ਏਸੀ ਅਤੇ ਡੀਸੀ ਚਾਰਜਿੰਗ ਮਸ਼ੀਨਾਂ, ਘੱਟ ਸੰਪਤੀਆਂ 'ਤੇ ਆਧਾਰਿਤ ਕਾਰੋਬਾਰੀ ਮਾਡਲ ਅਤੇ ਸਕਾਰਾਤ-ਮਕ ਨਕਦੀ ਪ੍ਰਵਾਹ 'ਤੇ ਕੇਂਦਰਿਤ ਏਕੀਕ੍ਰਿਤ ਕਾਰੋਬਾਰੀ ਪ੍ਰਣਾਲੀ ਰਾਹੀਂ ਚਾਰਜਿੰਗ ਸਟੇਸ਼ਨ ਉਦਯੋਗ ਵਿੱਚ ਨਵੇਂ ਮਾਪਦੰਡ ਸਥਾਪਤ ਕਰਨ ਦੀ ਯੋਜਨਾ ਹੈ। ਕੰਪਨੀ ਦਾ ਉਦੇਸ਼ ਦੁਨੀਆ ਭਰ ਦੇ ਨਿਵੇਸ਼ਕਾਂ ਲਈ ਲੰਬੇ ਸਮੇਂ ਦੇ ਟਿਕਾਊ ਮੁਨਾਫ਼ੇ ਦੇ ਮੌਕੇ ਪੈਦਾ ਕਰਨਾ ਹੈ।

ਭਾਰਤ ਵਿੱਚ ਪਹਿਲੇ ਪੜਾਅ ਤਹਿਤ ਦਿੱਲੀ-ਐਨਸੀਆਰ, ਪੰਜਾਬ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮਹਾਰਾਸ਼ਟਰ ਵਿੱਚ ਇਲੈਕਟ੍ਰਿਕ ਵਾਹਨ ਚਾਰਜਿੰਗ ਸਟੇਸ਼ਨ ਸਥਾਪਤ ਕਰਨ ਲਈ ਨਿਵੇਸ਼ਕਾਂ ਵੱਲੋਂ ਮਜ਼ਬੂਤ ਦਿਲਚਸਪੀ ਦਿਖਾਈ ਗਈ ਹੈ। ਕੰਪਨੀ ਇਨ੍ਹਾਂ ਖੇਤਰਾਂ ਵਿੱਚ ਮੌਜੂਦ ਵਪਾਰਕ ਸੰਭਾਵਨਾਵਾਂ ਦਾ ਲਾਭ ਉਠਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ।

ਭਾਰਤ ਅਤੇ ਨੇਪਾਲ ਦੋਵਾਂ ਦੇਸ਼ਾਂ ਵਿੱਚ ਕੰਪਨੀ ਰਾਜ ਅਤੇ ਸੂਬਾ ਪੱਧਰ 'ਤੇ ਸੀਐਂਡਐੱਫ (ਵੰਡ ਅਤੇ ਸਪਲਾਈ) ਭਾਈਵਾਲਾਂ ਅਤੇ ਡੀਲਰਾਂ ਦੀ ਨਿਯੁਕਤੀ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਨਾਲ ਸਥਾਨਕ ਪੱਧਰ 'ਤੇ ਕਾਰੋਬਾਰ ਦਾ ਵਿਸਥਾਰ, ਚਾਰਜਿੰਗ ਸਟੇਸ਼ਨਾਂ ਦੀ ਸਥਾਪਨਾ ਅਤੇ ਵੰਡ ਨੈੱਟਵਰਕ ਨੂੰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ।

ਕਾਰਜਕਾਰੀ ਖਰਚਿਆਂ ਨੂੰ ਘਟਾਉਣ ਅਤੇ ਲੰਬੇ ਸਮੇਂ ਦੀ ਮੁਨਾਫ਼ੇਬਾਜ਼ੀ ਵਧਾਉਣ ਲਈ GMGE ਨੇ ਹਰੇਕ ਇਲੈਕਟ੍ਰਿਕ ਵਾਹਨ ਚਾਰਜਿੰਗ ਸਟੇਸ਼ਨ ਨੂੰ ਬਿਜਲੀ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸੂਰਜੀ ਊਰਜਾ ਇਕਾਈਆਂ ਸਥਾਪਤ ਕਰਨ ਦੀ ਯੋਜਨਾ ਵੀ ਬਣਾਈ ਹੈ। ਨਵਿਆਉ-ਣਯੋਗ ਊਰਜਾ ਦੀ ਵਰਤੋਂ ਨਾਲ ਬਿਜਲੀ ਦੀ ਲਾਗਤ ਘਟਾਉਣ, ਨਕਦੀ ਪ੍ਰਵਾਹ ਨੂੰ ਬਿਹਤਰ ਬਣਾਉਣ ਅਤੇ ਕੰਪਨੀ ਦੀ ਲੰਬੇ ਸਮੇਂ ਦੀ ਮੁਨਾਫ਼ੇਬਾਜ਼ੀ ਤੇ ਮੁਲਾਂਕਣ ਨੂੰ ਮਜ਼ਬੂਤ ਕਰਨ ਵਿੱਚ ਮਦਦ ਮਿਲਣ ਦੀ ਉਮੀਦ ਹੈ।

ਕੰਪਨੀ ਨੇ ਇਲੈਕਟ੍ਰਿਕ ਵਾਹਨ ਚਾਰਜਿੰਗ ਸਟੇਸ਼ਨਾਂ ਦੇ ਕਾਰੋਬਾਰ ਲਈ ਇੱਕ ਵਿਆਪਕ *360-ਡਿਗਰੀ ਸੇਵਾ ਪ੍ਰਣਾਲੀ* ਵੀ ਤਿਆਰ ਕੀਤੀ ਹੈ। ਇਸ ਅਧੀਨ ਚਾਰਜਿੰਗ ਸਟੇਸ਼ਨਾਂ ਦੀ ਸਪਲਾਈ, ਸਥਾਪਨਾ, ਸਾਈਟ ਸਰਵੇਖਣ ਵਿੱਚ ਸਹਾਇਤਾ, ਬਿਜਲੀ ਕੁਨੈਕਸ਼ਨ ਸਥਾਪਤ ਕਰਨ ਵਿੱਚ ਮਦਦ, ਸਾਲਾਨਾ ਰੱਖ-ਰਖਾਅ ਸਮਝੌਤਾ (ਏਐੱਮਸੀ) ਅਤੇ ਹਫ਼ਤੇ ਦੇ ਸੱਤ ਦਿਨ, ਦਿਨ ਦੇ 24 ਘੰਟੇ ਅਤੇ ਸਾਲ ਦੇ 365 ਦਿਨ ਆਨਲਾਈਨ ਸਹਾਇਤਾ ਵਰਗੀਆਂ ਸੇਵਾਵਾਂ ਸ਼ਾਮਲ ਹਨ।

ਇਸ ਏਕੀਕ੍ਰਿਤ ਸੇਵਾ ਪ੍ਰਣਾਲੀ ਰਾਹੀਂ ਗਾਹਕਾਂ ਅਤੇ ਕਾਰੋਬਾਰੀ ਭਾਈਵਾਲਾਂ ਨੂੰ ਚਾਰਜਿੰਗ ਸਟੇਸ਼ਨ ਦੀ ਸਥਾਪਨਾ ਤੋਂ ਲੈ ਕੇ ਇਸ ਦੇ ਸੰਚਾਲਨ ਅਤੇ ਰੱਖ-ਰਖਾਅ ਤੱਕ ਹਰ ਪੜਾਅ 'ਤੇ ਸਹਾਇਤਾ ਪ੍ਰਦਾਨ ਕਰਨ ਦੀ ਯੋਜਨਾ ਹੈ।

GMGE ਅਨੁਸਾਰ, ਉਪਕਰਨਾਂ ਦੀ ਸਪਲਾਈ, ਸਥਾਪਨਾ ਅਤੇ ਲਗਾਤਾਰ ਤਕਨੀਕੀ ਸਹਾਇਤਾ ਇੱਕੋ ਪ੍ਰਣਾਲੀ ਅਧੀਨ ਮੁਹੱਈਆ ਕਰਵਾਉਣ ਵਾਲਾ ਇਹ ਮਾਡਲ ਭਾਰਤ ਅਤੇ ਨੇਪਾਲ ਵਿੱਚ ਇਲੈਕਟ੍ਰਿਕ ਵਾਹਨ ਚਾਰਜਿੰਗ ਨੈੱਟਵਰਕ ਦੇ ਵਿਸਥਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਕੰਪਨੀ ਦਾ ਮੰਨਣਾ ਹੈ ਕਿ ਸਥਾਨਕ ਭਾਈਵਾਲੀਆਂ, ਨਵਿਆਉਣਯੋਗ ਊਰਜਾ ਦੀ ਵਰਤੋਂ, ਲਾਗਤਾਂ 'ਤੇ ਕਾਬੂ ਅਤੇ ਏਕੀਕ੍ਰਿਤ ਕਾਰੋਬਾਰੀ ਮਾਡਲ ਰਾਹੀਂ ਆਉਣ ਵਾਲੇ ਸਾਲਾਂ ਵਿੱਚ ਇਸ ਉੱਭਰ ਰਹੇ ਖੇਤਰ ਵਿੱਚ ਆਪਣੀ ਮੌਜੂਦਗੀ ਹੋਰ ਮਜ਼ਬੂਤ ਕੀਤੀ ਜਾ ਸਕਦੀ ਹੈ।

ਕੰਪਨੀ ਦੀ ਲੰਬੇ ਸਮੇਂ ਦੀ ਰਣਨੀਤੀ ਇਲੈਕਟ੍ਰਿਕ ਵਾਹਨਾਂ ਲਈ ਇੱਕ ਵਿਆਪਕ ਚਾਰਜਿੰਗ ਨੈੱਟਵਰਕ ਤਿਆਰ ਕਰਨ, ਨਿਵੇਸ਼ਕਾਂ ਅਤੇ ਕਾਰੋਬਾਰੀ ਭਾਈਵਾਲਾਂ ਲਈ ਨਵੇਂ ਮੌਕੇ ਪੈਦਾ ਕਰਨ ਅਤੇ ਭਾਰਤ ਤੇ ਨੇਪਾਲ ਵਿੱਚ ਇਲੈਕਟ੍ਰਿਕ ਵਾਹਨਾਂ ਦੇ ਤੇਜ਼ੀ ਨਾਲ ਵਧ ਰਹੇ ਬਾਜ਼ਾਰ ਵਿੱਚ ਆਪਣੀ ਹਿੱਸੇਦਾਰੀ ਵਧਾਉਣ 'ਤੇ ਕੇਂਦਰਿਤ ਹੈ।

# ਮਹਾਂ ਪੰਜਾਬ ਜਥੇਬੰਦੀ ਦੇ ਪ੍ਰਧਾਨ ਵਿਸ਼ਾਲ ਸੈਣੀ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਅਤੇ ਸਮਾਜ ਸੇਵਾ ਲਈ ਵਚਨਬੱਧਤਾ ਦਾ ਪ੍ਰਗਟਾਵਾ

ਸਾਂਝੀ ਖ਼ਬਰ

**ਬਲਟਾਣਾ ਸਮੇਤ ਦਰਜਨਾਂ ਪਿੰਡਾਂ ਵਿੱਚ ਜਥੇਬੰਦੀ ਦਾ ਵਿਸਥਾਰ ਕਰਨ ਦੀ ਤਿਆਰੀ — ਨੌਜਵਾਨਾਂ ਨੂੰ ਦਿੱਤੀਆਂ ਜਾਣਗੀਆਂ ਅਹਿਮ ਜ਼ਿੰਮੇਵਾਰੀਆਂ**

(ਦਿਲਬਾਗ ਸਿੰਘ ਕੰਬੋਜ):
ਜ਼ੀਰਕਪੁਰ, , 23 ਅਕਤੂਬਰ



ਮਹਾਂ ਪੰਜਾਬ ਜਥੇਬੰਦੀ, ਜ਼ੀਰਕਪੁਰ ਦੇ ਪ੍ਰਧਾਨ ਵਿਸ਼ਾਲ ਸੈਣੀ ਨੂੰ ਉਨ੍ਹਾਂ ਦੇ ਜਨਮ ਦਿਨ ਮੌਕੇ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਜਥੇਬੰਦੀ ਨਾਲ ਜੁੜੇ ਆਗੂਆਂ ਅਤੇ ਸਾਥੀਆਂ ਵੱਲੋਂ ਉਨ੍ਹਾਂ ਦੇ ਚੰਗੇ ਭਵਿੱਖ ਅਤੇ ਸਮਾਜ ਸੇਵਾ ਦੇ ਕਾਰਜਾਂ ਵਿੱਚ ਨਿਰੰਤਰ ਤਰੱਕੀ ਦੀ ਕਾਮਨਾ ਕੀਤੀ ਗਈ।

ਵਿਸ਼ਾਲ ਸੈਣੀ ਜਥੇਬੰਦੀ ਦੇ ਪ੍ਰਧਾਨ ਵਜੋਂ ਇਲਾਕੇ ਵਿੱਚ ਆਪਣੀਆਂ ਸਰਗਰਮੀਆਂ ਨੂੰ ਅੱਗੇ ਵਧਾ ਰਹੇ ਹਨ। ਨਸ਼ਿਆਂ ਵਿਰੁੱਧ ਜਾਗਰੂਕਤਾ, ਸਮਾਜ ਵਿਰੋਧੀ ਗਤੀਵਿਧੀਆਂ ਦੀ ਸੂਚਨਾ ਪ੍ਰਸ਼ਾਸਨ ਤੱਕ ਪਹੁੰਚਾਉਣ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਠਾਉਣ ਵਰਗੇ ਮੁੱਦਿਆਂ 'ਤੇ ਜਥੇਬੰਦੀ ਦੀ ਭੂਮਿਕਾ ਨੂੰ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਬਲਟਾਣਾ ਸਮੇਤ ਦਰਜਨਾਂ ਪਿੰਡਾਂ ਵਿੱਚ ਹੋਵੇਗਾ ਜਥੇਬੰਦੀ ਦਾ ਵਿਸਥਾਰ

ਸਾਂਝੀ ਖ਼ਬਰ ਦੇ ਪੱਤਰਕਾਰ ਅਤੇ ਮੀਡੀਆ ਇੰਚਾਰਜ ਦਿਲਬਾਗ ਸਿੰਘ ਕੰਬੋਜ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਵਿਸ਼ਾਲ ਸੈਣੀ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਮਹਾਂ ਪੰਜਾਬ ਜਥੇਬੰਦੀ ਦਾ ਬਲਟਾਣਾ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਵਿਸਥਾਰ ਕਰਨ ਦੀ ਯੋਜਨਾ ਹੈ। ਇਸ ਤਹਿਤ ਬਲਟਾਣਾ, ਹਿੰਮਤਗੜ੍ਹ, ਢਕੌਲੀ, ਗਾਜ਼ੀਪੁਰ, ਸਨੌਲੀ, ਕਿਸ਼ਨਪੁਰਾ, ਬਿਸ਼ਨਪੁਰਾ ਅਤੇ ਪੀਰ ਮੁੱਛਲਾ ਸਮੇਤ ਹੋਰ ਪਿੰਡਾਂ ਵਿੱਚ ਨੌਜਵਾਨਾਂ ਨੂੰ ਜਥੇਬੰਦੀ ਨਾਲ ਜੋੜ ਕੇ ਅਹਿਮ ਜ਼ਿੰਮੇਵਾਰੀਆਂ ਸੌਂਪਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਜਥੇਬੰਦੀ ਦਾ ਮਕਸਦ ਸਿਰਫ਼ ਆਪਣਾ ਦਾਇਰਾ ਵਧਾਉਣਾ ਨਹੀਂ, ਸਗੋਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਠਾਉਣਾ ਅਤੇ ਸਮਾਜ ਵਿੱਚ ਫੈਲੀਆਂ ਬੁਰਾਈਆਂ ਵਿਰੁੱਧ ਆਵਾਜ਼ ਬੁਲੰਦ ਕਰਨਾ ਵੀ ਹੈ।

ਨਸ਼ਿਆਂ ਅਤੇ ਗਲਤ ਗਤੀਵਿਧੀਆਂ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਐਲਾਨ

ਵਿਸ਼ਾਲ ਸੈਣੀ ਨੇ ਕਿਹਾ ਕਿ ਇਲਾਕੇ ਵਿੱਚ ਜਿੱਥੇ ਵੀ ਨਸ਼ਿਆਂ ਦੀ ਵਿਕਰੀ ਜਾਂ ਹੋਰ ਗੈਰਕਾਨੂੰਨੀ ਗਤੀਵਿਧੀਆਂ ਸਬੰਧੀ ਮਾਮਲੇ ਸਾਹਮਣੇ ਆਉਣਗੇ, ਉੱਥੇ ਜਥੇਬੰਦੀ ਲੋਕਾਂ ਦੀ ਆਵਾਜ਼ ਬਣਨ ਅਤੇ ਸਬੰਧਤ ਅਧਿਕਾਰੀਆਂ ਤੱਕ ਮਾਮਲਾ ਪਹੁੰਚਾਉਣ ਲਈ ਯਤਨ ਕਰੇਗੀ। ਉਨ੍ਹਾਂ ਅਨੁਸਾਰ, ਗਲਤ ਕੰਮਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਵਾਉਣ ਲਈ ਪੁਲਿਸ ਅਤੇ ਪ੍ਰਸ਼ਾਸਨ ਨਾਲ ਤਾਲਮੇਲ ਬਣਾਉਣਾ ਵੀ ਜਥੇਬੰਦੀ ਦੀ ਪਹਿਲ ਰਹੇਗੀ।

ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਮਾਜ ਸੇਵਾ ਨਾਲ ਜੋੜਨਾ ਅਤੇ ਇਲਾਕੇ ਵਿੱਚ ਸਕਾਰਾਤਮਕ ਸੋਚ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਇਹ ਵੀ ਸੰਕੇਤ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਜਥੇਬੰਦੀ ਦੀਆਂ ਗਤੀਵਿਧੀਆਂ ਨੂੰ ਹੋਰ ਸਰਗਰਮ ਕੀਤਾ ਜਾਵੇਗਾ।

ਮਹਾਂ ਪੰਜਾਬ ਜਥੇਬੰਦੀ ਜ਼ੀਰਕਪੁਰ ਦੇ ਇੰਚਾਰਜ ਪਾਲੀ ਸਿੱਧੂ ਲੋਹਗੜ੍ਹ ਦੀ ਰਹਿਨੁਮਾਈ ਹੇਠ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਜਥੇਬੰਦੀ ਵੱਲੋਂ ਐਲਾਨੀਆਂ ਗਈਆਂ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਕਿੰਨੀ ਤੇਜ਼ੀ ਨਾਲ ਅਮਲ ਵਿੱਚ ਲਿਆਂਦਾ ਜਾਂਦਾ ਹੈ।

ਜਨਮ ਦਿਨ ਮੌਕੇ ਵਿਸ਼ਾਲ ਸੈਣੀ ਲਈ ਸ਼ੁਭਕਾਮਨਾਵਾਂ ਦੇ ਨਾਲ ਇਹ ਉਮੀਦ ਵੀ ਜਤਾਈ ਜਾਂਦੀ ਹੈ ਕਿ ਉਹ ਸਮਾਜ ਸੇਵਾ, ਨੌਜਵਾਨਾਂ ਦੀ ਅਗਵਾਈ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਦੇ ਖੇਤਰ ਵਿੱਚ ਆਪਣੀ ਭੂਮਿਕਾ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣਗੇ।

# ਨਗਰ ਕੌਂਸਲ ਦੀ ਟੀਮ ਨੇ ਨਕਸ਼ੇ ਦੇ ਉਲਟ ਬਣਾਇਆ ਵਾਧੂ ਹਿੱਸਾ ਤੇ ਛੱਜੇ ਢਾਹੇ

ਸਾਂਝੀ ਖ਼ਬਰ

( ਗੁਰਪਾਲ ਸਿੰਘ )
ਜ਼ੀਰਕਪੁਰ, 23 ਅਕਤੂਬਰ



ਸ਼ੁੱਕਰਵਾਰ ਨੂੰ ਭਬਾਤ ਖੇਤਰ ਦੇ ਜਰਨੈਲ ਇਨਕਲੇਵ-2 ਵਿੱਚ ਨਿਯਮਾਂ ਦੇ ਉਲਟ ਕੀਤੀ ਜਾ ਰਹੀ ਉਸਾਰੀ ਵਿਰੁੱਧ ਨਗਰ ਕੌਂਸਲ ਵੱਲੋਂ ਕਾਰਵਾਈ ਕੀਤੀ ਗਈ। ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਪਰਵਿੰਦਰ ਸਿੰਘ ਭੱਟੀ ਦੇ ਹੁਕਮਾਂ ’ਤੇ ਪਹੁੰਚੀ ਟੀਮ ਨੇ ਜੇ ਸੀ ਬੀ ਮਸ਼ੀਨ ਦੀ ਮਦਦ ਨਾਲ ਮਕਾਨ ਦੇ ਵਾਧੂ ਉਸਾਰੇ ਹਿੱਸੇ ਨੂੰ ਢਾਹ ਦਿੱਤਾ। ਇਸ ਤੋਂ ਇਲਾਵਾ ਨਿਯਮਾਂ ਦੇ ਉਲਟ ਬਣਾਏ ਗਏ ਛੱਜੇ ਵੀ ਤੋੜ ਦਿੱਤੇ ਗਏ।

ਨਗਰ ਕੌਂਸਲ ਦੇ ਅਧਿਕਾਰੀਆਂ ਅਨੁਸਾਰ, ਉਕਤ ਮਕਾਨ ਵਿੱਚ ਮਨਜ਼ੂਰਸ਼ੁਦਾ ਨਕਸ਼ੇ ਦੇ ਉਲਟ ਉਸਾਰੀ ਕੀਤੇ ਜਾਣ ਸਬੰਧੀ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਸਨ। ਇਸ ਤੋਂ ਬਾਅਦ ਏ ਟੀ ਪੀ ਸਰਬਜੀਤ ਸਿੰਘ ਅਤੇ ਬਿਲਡਿੰਗ ਇੰਸਪੈਕਟਰ ਅਜੈ ਬਰਾੜ ਦੀ ਅਗਵਾਈ ਹੇਠ ਟੀਮ ਮੌਕੇ ’ਤੇ ਪਹੁੰਚੀ ਅਤੇ ਕਾਰਵਾਈ ਨੂੰ ਅੰਜਾਮ ਦਿੱਤਾ।

ਬਿਲਡਿੰਗ ਇੰਸਪੈਕਟਰ ਅਜੈ ਬਰਾੜ ਨੇ ਦੱਸਿਆ ਕਿ ਉਕਤ ਮਕਾਨ ਦਾ ਨਕਸ਼ਾ ਢਾਈ ਮੰਜ਼ਿਲਾਂ ਤੱਕ ਮਨਜ਼ੂਰ ਸੀ, ਪਰ ਇਸ ਦੇ ਬਾਵਜੂਦ ਵਾਧੂ ਉਸਾਰੀ ਕੀਤੇ ਜਾਣ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਇਸੇ ਦੇ ਆਧਾਰ ’ਤੇ ਨਗਰ ਕੌਂਸਲ ਵੱਲੋਂ ਕਾਰਵਾਈ ਕੀਤੀ ਗਈ।

ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮਨਜ਼ੂਰਸ਼ੁਦਾ ਨਕਸ਼ੇ ਅਨੁਸਾਰ ਹੀ ਉਸਾਰੀ ਕਰਵਾਉਣ ਅਤੇ ਨਿਯਮਾਂ ਦੀ ਉਲੰਘਣਾ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਨਿਯਮਾਂ ਦੀ ਉਲੰਘਣਾ ਸਾਹਮਣੇ ਆਉਣ ’ਤੇ ਸਬੰਧਤ ਵਿਅਕਤੀਆਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

# ਚੰਡੀਗੜ੍ਹ ਬੈਰੀਅਰ ਦੇ ਫਲਾਈਓਵਰ ’ਤੇ ਪਏ ਖੱਡੇ ਬਣ ਰਹੇ ਨੇ ਹਾਦਸਿਆਂ ਦਾ ਕਾਰਨ

ਸਾਂਝੀ ਖ਼ਬਰ

**ਸਾਢੇ ਸੱਤ ਕਰੋੜ ਦੀ ਲਾਗਤ ਨਾਲ ਚਾਰ ਸਾਲ ਪਹਿਲਾਂ ਬਣਿਆ ਸੀ ਪੁਲ**




**ਵਿਭਾਗ ਵੱਲੋਂ ਇੱਕ ਹਫ਼ਤੇ ’ਚ ਮੁਰੰਮਤ ਦਾ ਦਿੱਤਾ ਭਰੋਸਾ**

( ਗੁਰਪਾਲ ਸਿੰਘ)।
ਜ਼ੀਰਕਪੁਰ, 23 ਅਕਤੂਬਰ

ਚੰਡੀਗੜ੍ਹ ਬੈਰੀਅਰ ਨੇੜੇ ਪੀ. ਡਬਲਯੂ. ਡੀ ਵਿਭਾਗ ਵੱਲੋਂ ਬਣਾਏ ਕਰੀਬ 600 ਮੀਟਰ ਲੰਬੇ ਫਲਾਈ-ਓਵਰ ਦੀ ਹਾਲਤ ਖਸਤਾ ਹੋ ਚੁੱਕੀ ਹੈ। ਪੁਲ ਦੇ ਦੋਵੇਂ ਪਾਸੇ ਦਰਜਨਾਂ ਟੋਏ ਪਏ ਹੋਣ ਕਾਰਨ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚਾਰ ਸਾਲ ਪਹਿਲਾਂ ਕਰੀਬ ਸਾਢੇ ਸੱਤ ਕਰੋੜ ਰੁਪਏ ਦੀ ਲਾਗਤ ਨਾਲ ਬਣੇ ਇਸ ਪੁਲ ਦੀ ਕਈ ਵਾਰ ਮੁਰੰਮਤ ਹੋਣ ਦੇ ਬਾਵਜੂਦ ਸੜਕ ਮੁੜ ਤੋਂ ਟੁੱਟ ਰਹੀ ਹੈ।

ਟੋਇਆਂ ਕਾਰਨ ਵਾਹਨਾਂ ਨੂੰ ਨੁਕਸਾਨ ਪਹੁੰਚਣ ਦੇ ਨਾਲ-ਨਾਲ ਹਾਦਸਿਆਂ ਦਾ ਖ਼ਤਰਾ ਵੀ ਵਧ ਗਿਆ ਹੈ। ਸਥਾਨਕ ਲੋਕਾਂ ਅਨੁਸਾਰ ਦੋ ਦਿਨ ਪਹਿਲਾਂ ਇਕ ਦੋਪਹੀਆ ਵਾਹਨ ਚਾਲਕ ਟੋਏ ਕਾਰਨ ਡਿੱਗ ਕੇ ਜ਼ਖਮੀ ਹੋ ਗਿਆ ਸੀ, ਜਿਸਦੀ ਗਰਦਨ ਨੂੰ ਵੱਡਾ ਝਟਕਾ ਲੱਗ ਗਿਆ। ਜਿਸਦਾ ਇਲਾਜ ਚੱਲ ਰਿਹਾ ਹੈ। ਲੋਕਾਂ ਨੇ ਸੜਕ ਦੇ ਨਿਰਮਾਣ ਅਤੇ ਵਾਰ-ਵਾਰ ਹੋ ਰਹੀ ਮੁਰੰਮਤ ਦੀ ਗੁਣਵੱਤਾ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਪੀ. ਡਬਲਯੂ. ਡੀ ਵਿਭਾਗ ਅਨੁਸਾਰ ਫਲਾਈਓਵਰ ਨੂੰ ਐੱਨ. ਐੱਚ. ਏ. ਆਈ. ਦੇ ਹਵਾਲੇ ਕਰਨ ਲਈ ਪੱਤਰ ਭੇਜਿਆ ਗਿਆ ਹੈ, ਜਦਕਿ ਦੋਵੇਂ ਪਾਸਿਆਂ ਦੀਆਂ ਸਲਿੱਪ ਸੜਕਾਂ ਪਹਿਲਾਂ ਹੀ ਐੱਨ. ਐੱਚ. ਏ. ਆਈ. ਨੂੰ ਸੌਂਪੀਆਂ ਜਾ ਚੁੱਕੀਆਂ ਹਨ।

ਲੋਕਾਂ ਨੇ ਮੰਗ ਕੀਤੀ ਹੈ ਕਿ ਜ਼ਿੰਮੇਵਾਰੀ ਤੈਅ ਹੋਣ ਦੀ ਉਡੀਕ ਕੀਤੇ ਬਿਨਾਂ ਸੜਕ ਦੀ ਮੁਰੰਮਤ ਕਰਵਾਈ ਜਾਵੇ, ਤਾਂ ਜੋ ਹਾਦਸਿਆਂ ਤੋਂ ਬਚਾਅ ਹੋ ਸਕੇ।

ਇਸ ਸਬੰਧੀ ਗੱਲ ਕਰਦੇ ਹੋਏ ਪੀ. ਡਬਲਿਊ. ਡੀ. ਵਿਭਾਗ ਦੇ ਅਧਿਕਾਰੀ ਮਨਜੀਤ ਸਿੰਘ ਨੇ ਦੱਸਿਆ ਕਿ ਫਲਾਈਓਵਰ ਦੇ ਸਾਰੇ ਟੋਏ ਇੱਕ ਹਫ਼ਤੇ ਦੇ ਅੰਦਰ ਅੰਦਰ ਭਰ ਕੇ ਮੁਰੰਮਤ ਕਰਵਾ ਦਿੱਤੇ ਜਾਣਗੇ। ਬਾਕੀ ਐਨ ਐੱਚ ਏ ਆਈ ਨੂੰ ਲਿੱਖਤੀ ਪੱਤਰ ਦੇ ਕੇ ਸੜਕ ਨੂੰ ਹੈਂਡਓਵਰ ਕਰਨ ਲਈ ਕਿਹਾ ਗਿਆ ਹੈ।

ੴ ਸਤਿਗੁਰ ਪ੍ਰਸਾਦਿ ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥



ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਪਿਤਾ ਜੀ
OOC(ADM) Sardar Sukhwinderjit Singh Kailay
ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ
ਮਿਤੀ 17 ਅਕਤੂਬਰ 2026
ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।
ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ
ਮਿਤੀ 27 ਅਕਤੂਬਰ 2026
ਦਿਨ ਮੰਗਲਵਾਰ ਨੂੰ ਦੁਪਿਹਰ 12.00 ਤੋਂ 1.00 ਵਜੇ ਤੱਕ
ਸਥਾਨ ਬੀਬੀ ਵਾਲਾ ਗੁਰੂਦੁਆਰਾ ਸਾਹਿਬ,
ਮੇਨ ਅਜੀਤ ਰੋਡ, ਬਠਿੰਡਾ ਵਿਖੇ ਹੋਵੇਗੀ ।
-ਦੁਖੀ ਹਿਰਦੇ-
ਸਰਦਾਰਨੀ ਹਰਬੰਸ ਕੌਰ (ਧਰਮਪਤਨੀ) ਮਨਪ੍ਰੀਤ ਸਿੰਘ (ਸਪੁੱਤਰ) ਸੁਰਿੰਦਰ ਸਿੰਘ (ਸਪੁੱਤਰ)
- ਸਮੂਹ ਕੈਲੇ ਪਰਿਵਾਰ ਅਤੇ ਰਿਸ਼ਤੇਦਾਰ -
95695-39066, 94630-23064

# ਕਾਰੋਬਾਰੀ ਦੀ ਕਾਰ ’ਚੋਂ ਸਾਢੇ 21 ਲੱਖ ਰੁਪਏ ਚੋਰੀ

ਸਾਂਝੀ ਖ਼ਬਰ

**ਟਾਇਰ ਪੰਚਰ ਹੋਣ ਦਾ ਇਸ਼ਾਰਾ ਕਰ ਕੇ ਤਿੰਨ ਨੌਜਵਾਨਾਂ ਨੇ ਦਿੱਤਾ ਘਟਨਾ ਨੂੰ ਅੰਜਾਮ**

ਗੁਰਪਾਲ ਸਿੰਘ
ਜ਼ੀਰਕਪੁਰ, 23 ਅਕਤੂਬਰ

ਪਟਿਆਲਾ ਰੋਡ ’ਤੇ ਏਅਰਫੋਰਸ ਸਟੇਸ਼ਨ ਕੱਟ ਨੇੜੇ ਟ੍ਰੈਫਿਕ ਲਾਈਟ ’ਤੇ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਨੇ ਕਾਰ ਦਾ ਟਾਇਰ ਪੰਚਰ ਹੋਣ ਦਾ ਇਸ਼ਾਰਾ ਕਰ ਕੇ ਇੱਕ ਕਾਰੋਬਾਰੀ ਦੀ ਕਾਰ ’ਚੋਂ 21.50 ਲੱਖ ਰੁਪਏ ਦੀ ਨਕਦੀ ਵਾਲਾ ਬੈਗ ਚੋਰੀ ਕਰ ਲਿਆ। ਪੁਲਿਸ ਨੇ ਕਾਰੋਬਾਰੀ ਦੀ ਸ਼ਿਕਾਇਤ ’ਤੇ ਅਣਪਛਾਤੇ ਮੁਲਜ਼ਮਾਂ ਵਿਰੁੱਧ ਬੀ ਐਨ ਐਸ ਦੀ ਧਾਰਾ 303(2) ਅਤੇ 3(5) ਦੇ ਤਹਿਤ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਸ਼ਿਕਾਇਤਕਰਤਾ ਸ਼ਿਆਮ ਲਾਲ ਸਹਿਗਲ ਨੇ ਦੱਸਿਆ ਕਿ ਉਹ ਵੀ. ਆਈ. ਪੀ. ਰੋਡ ਸਥਿਤ ਸਕਾਈ ਲਾਈਨ ਪਾਰਕ ਸੁਸਾਇਟੀ ਦੇ ਬੀ ਟਾਵਰ ਵਿੱਚ ਰਹਿੰਦੇ ਹਨ ਅਤੇ ਲੋਹੇ ਦਾ ਕਾਰੋਬਾਰ ਕਰਦੇ ਹਨ। 22 ਅਕਤੂਬਰ ਨੂੰ ਸ਼ਾਮ ਕਰੀਬ 6:45 ਵਜੇ ਉਹ ਲੋਹਗੜ੍ਹ ਕੱਟ ਨੇੜੇ ਮਿੱਤਲ ਮੈਟਲ ਤੋਂ ਆਪਣੀ ਇਨੋਵਾ ਕਾਰ ਵਿੱਚ ਘਰ ਪਰਤ ਰਹੇ ਸਨ, ਤਾਂ ਕਰੀਬ 7 ਵਜੇ ਏਅਰਫੋਰਸ ਸਟੇਸ਼ਨ ਕੱਟ ਨੇੜੇ ਤਿੰਨ ਮੋਟਰਸਾ-ਈਕਲ ਸਵਾਰਾਂ ਨੇ ਉਨ੍ਹਾਂ ਨੂੰ ਪਿਛਲਾ ਟਾਇਰ ਪੰਚਰ ਹੋਣ ਦਾ ਇਸ਼ਾਰਾ ਕੀਤਾ।

ਐੱਚ. ਪੀ. ਪੈਟਰੋਲ ਪੰਪ ਨੇੜੇ ਜਦੋਂ ਉਹ ਕਾਰ ਰੋਕ ਕੇ ਟਾਇਰ ਦੇਖ ਰਹੇ ਸਨ, ਤਾਂ ਇਕ ਨੌਜਵਾਨ ਡਰਾਈਵਰ ਸਾਈਡ ਦੀ ਖਿੜਕੀ ਖੋਲ੍ਹ ਕੇ ਕਾਰ ਵਿੱਚ ਰੱਖਿਆ ਬੈਗ ਲੈ ਕੇ ਫ਼ਰਾਰ ਹੋ ਗਿਆ। ਬੈਗ ਵਿੱਚ 21.50 ਲੱਖ ਰੁਪਏ ਸਨ। ਕਾਫ਼ੀ ਭਾਲ ਕਰਨ ਦੇ ਬਾਵਜੂਦ ਮੁਲਜ਼ਮਾਂ ਦਾ ਕੋਈ ਸੁਰਾਗ ਨਹੀਂ ਮਿਲਿਆ।

ਜਾਂਚ ਅਧਿਕਾਰੀ ਸਤਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਜੇਹਾ ਚੀਰੀ ਲਿਖਿਆ ਤੇਹਾ ਹੁਕਮਿ ਕਮਾਹਿ । ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥
ਪਾਠ ਦਾ ਭੋਗ ਅਤੇ ਅੰਤਿਮ ਅਰਦਾਸ
ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਵੱਡੀ ਭੈਣ
ਰਾਣੀ ਕੌਰ
(ਸਪੁੱਤਰੀ ਸਵ: ਸ: ਮਲਕੀਤ ਸਿੰਘ, ਬੁਰਜ ਲੱਧੇ ਵਾਲੇ)
ਜੋ ਕਿ 19 ਅਕਤੂਬਰ ਦੀ ਰਾਤ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦਾ ਭੋਗ ਮਿਤੀ 25 ਅਕਤੂਬਰ 2026 ਦਿਨ ਐਤਵਾਰ ਨੂੰ ਬਾਅਦ ਦੁਪਹਿਰ ਕਰੀਬ 12:30 ਵਜੇ ਗੁਰਦੁਆਰਾ ਮਹਿਲ ਸਾਹਿਬ, ਭਗਤਾ ਭਾਈਕਾ (ਬਠਿੰਡਾ) ਵਿਖੇ ਪਵੇਗਾ। ਆਪ ਸਭ ਨੂੰ ਅੰਤਿਮ ਅਰਦਾਸ ਸਮੇਂ ਹਾਜ਼ਰ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।



ਦੁਖੀ ਹਿਰਦੇ : -
ਸਵ: ਰਾਣੀ ਕੌਰ
ਸੁਖਪਾਲ ਸਿੰਘ ਸੋਨੀ (ਪੱਤਰਕਾਰ ਅਜੀਤ)-ਹਰਜੋਤ ਕੌਰ (ਭਰਾ-ਭਰਜਾਈ)
ਵੀਰਪਾਲ ਸਿੰਘ (ਪੱਤਰਕਾਰ, ਪੰਜਾਬੀ ਜਾਗਰਣ)-ਜਗਦੀਸ਼ ਕੌਰ (ਭਰਾ-ਭਰਜਾਈ)
ਭਿੰਦਰਪਾਲ ਸਿੰਘ (ਭਿੰਦਾ) (ਭਰਾ)
ਸ਼ਿੰਦਰਪਾਲ ਕੌਰ-ਜਸਕਰਨ ਸਿੰਘ ਮੌੜ (ਭੈਣ-ਭਣੋਈਆ)
ਮੋ: 98724-00158, 96532-00226

# ਡੀਲਰਸ਼ਿਪ ਪੱਧਰ ’ਤੇ ਹੀ ਕੀਤੀ ਜਾਵੇਗੀ ਵਾਹਨਾਂ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ (ਆਰ.ਸੀ.) ਦੀ ਪ੍ਰਿੰਟਿੰਗ

ਸਾਂਝੀ ਖ਼ਬਰ

**‘ਅਪਲਾਈਡ ਫਾਰ’ ਸਥਿਤੀ ਵਿੱਚ ਵਾਹਨ ਡਿਲੀਵਰ ਕਰਨ ’ਤੇ ਪਾਬੰਦੀ, ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ**



ਜਸਵੀਰ ਸਿੰਘ ਮਣਕੂ
ਲੁਧਿਆਣਾ, 23 ਅਕਤੂਬਰ

ਖੇਤਰੀ ਟਰਾਂਸਪੋਰਟ ਅਥਾਰਟੀ (ਆਰ.ਟੀ.ਏ.), ਲੁਧਿਆਣਾ ਦੇ ਦਫ਼ਤਰ ਵਿਖੇ ਖੇਤਰੀ ਟਰਾਂਸਪੋਰਟ ਅਧਿਕਾਰੀ-ਕਮ-ਸਕੱਤਰ, ਆਰ.ਟੀ.ਏ. ਦੀ ਪ੍ਰਧਾਨਗੀ ਹੇਠ ਜ਼ਿਲ੍ਹੇ ਦੀਆਂ ਸਾਰੀਆਂ ਅਧਿਕਾਰਤ ਵਾਹਨ ਡੀਲਰਸ਼ਿਪਾਂ ਦੇ ਨੁਮਾਇੰਦਿਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਵਾਹਨਾਂ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ (ਆਰ.ਸੀ.) ਦੀ ਪ੍ਰਿੰਟਿੰਗ ਡੀਲਰਸ਼ਿਪ ਪੱਧਰ ’ਤੇ ਕਰਨ, ਸਟੈਟਿਕ ਆਈ.ਪੀ. ਐਡਰੈੱਸ ਦੀ ਲਾਜ਼ਮੀ ਵਿਵਸਥਾ ਅਤੇ ਵਾਹਨਾਂ ਦੀ ਡਿਲੀਵਰੀ ਸਬੰਧੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਹੁਣ ਆਰ.ਸੀ. ਦੀ ਪ੍ਰਿੰਟਿੰਗ ਦੀ ਪ੍ਰਕਿਰਿਆ ਸਬੰਧਤ ਡੀਲਰਸ਼ਿਪ ਦੇ ਪੱਧਰ ’ਤੇ ਹੀ ਕੀਤੀ ਜਾਵੇਗੀ। ਇਸ ਕਦਮ ਦਾ ਉਦੇਸ਼ ਵਾਹਨਾਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਅਤੇ ਆਮ ਲੋਕਾਂ ਨੂੰ ਵਧੇਰੇ ਸਹੂਲਤ ਪ੍ਰਦਾਨ ਕਰਨਾ ਹੈ। ਸਾਰੇ ਡੀਲਰਾਂ ਨੂੰ ਹਦਾਇਤ ਕੀਤੀ ਗਈ ਕਿ ਆਰ.ਸੀ. ਦੀ ਪ੍ਰਿੰਟਿੰਗ ਦੌਰਾਨ ਪਾਰਦਰਸ਼ਤਾ, ਸ਼ੁੱਧਤਾ ਅਤੇ ਕਾਨੂੰਨੀ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ। ਇਸ ਪ੍ਰਕਿਰਿਆ ਨਾਲ ਸਬੰਧਤ ਸਾਰੇ ਰਿਕਾਰਡ ਵੀ ਸਹੀ ਢੰਗ ਨਾਲ ਸੰਭਾਲ ਕੇ ਰੱਖੇ ਜਾਣ।

ਆਰ.ਸੀ. ਦੀ ਪ੍ਰਿੰਟਿੰਗ ਅਤੇ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਾਰੀਆਂ ਡੀਲਰਸ਼ਿਪਾਂ ਨੂੰ ਆਪਣੇ ਇੰਟਰਨੈੱਟ ਸੇਵਾ ਪ੍ਰਦਾਤਾ ਤੋਂ ਜਲਦ ਤੋਂ ਜਲਦ ਸਟੈਟਿਕ ਆਈ.ਪੀ. ਐਡਰੈੱਸ ਪ੍ਰਾਪਤ ਕਰਨ ਦੇ ਨਿਰਦੇਸ਼ ਦਿੱਤੇ ਗਏ। ਸਪੱਸ਼ਟ ਕੀਤਾ ਗਿਆ ਕਿ ਵੈਧ ਅਤੇ ਸਰਗਰਮ ਸਟੈਟਿਕ ਆਈ.ਪੀ. ਦੀ ਵਿਵਸਥਾ ਵਾਲੀਆਂ ਡੀਲਰਸ਼ਿਪਾਂ ਹੀ ਆਰ.ਸੀ. ਨਾਲ ਸਬੰਧਤ ਪ੍ਰਕਿਰਿਆਵਾਂ ਨੂੰ ਅੰਜਾਮ ਦੇ ਸਕਣਗੀਆਂ। ਇਸ ਸ਼ਰਤ ਦੀ ਪਾਲਣਾ ਨਾ ਕਰਨ ਵਾਲੀਆਂ ਡੀਲਰਸ਼ਿਪਾਂ ਨੂੰ ਪਾਲਣਾ ਯਕੀਨੀ ਬਣਾਉਣ ਅਤੇ ਤਸਦੀਕ ਹੋਣ ਤੱਕ ਆਰ.ਸੀ. ਨਾਲ ਸਬੰਧਤ ਲੈਣ-ਦੇਣ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।

ਅਧਿਕਾਰੀਆਂ ਨੇ ਡੀਲਰਸ਼ਿਪਾਂ ਵੱਲੋਂ ਵਾਹਨਾਂ ਨੂੰ ‘ਅਪਲਾਈਡ ਫਾਰ’ ਦੀ ਸਥਿਤੀ ਵਿੱਚ ਗਾਹਕਾਂ ਨੂੰ ਡਿਲੀਵਰ ਕਰਨ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸਖ਼ਤ ਹਦਾਇਤ ਕੀਤੀ ਕਿ ਵੈਧ ਰਜਿਸ-ਟ੍ਰੇਸ਼ਨ ਤੋਂ ਬਿਨਾਂ ਕਿਸੇ ਵੀ ਵਾਹਨ ਦੀ ਡਿਲੀਵਰੀ ਨਾ ਕੀਤੀ ਜਾਵੇ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਲਾਗੂ ਕਾਨੂੰਨੀ ਉਪਬੰਧਾਂ ਅਨੁਸਾਰ ਜੁਰਮਾਨੇ ਅਤੇ ਹੋਰ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ। ਵਾਰ-ਵਾਰ ਉਲੰਘਣਾ ਕਰਨ ਦੀ ਸੂਰਤ ਵਿੱਚ ਡੀਲਰਸ਼ਿਪ ਦੇ ਅਧਿਕਾਰ ਮੁਅੱਤਲ ਜਾਂ ਰੱਦ ਕਰਨ ਸਮੇਤ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਇਸ ਤੋਂ ਇਲਾਵਾ, ਸਾਰੇ ਡੀਲਰਾਂ ਨੂੰ ਹਦਾਇਤ ਕੀਤੀ ਗਈ ਕਿ ਗਾਹਕਾਂ ਨੂੰ ਵਾਹਨ ਸਿਰਫ਼ ਹਾਈ ਸਕਿਓਰਿਟੀ ਰਜਿਸਟ੍ਰੇਸ਼ਨ ਪਲੇਟਾਂ (ਐੱਚ.ਐੱਸ.ਆਰ.ਪੀ.) ਲਗਾਉਣ ਤੋਂ ਬਾਅਦ ਹੀ ਸੌਂਪੇ ਜਾਣ। ਇਸ ਸਬੰਧੀ ਕੇਂਦਰੀ ਮੋਟਰ ਵਾਹਨ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ’ਤੇ ਜ਼ੋਰ ਦਿੱਤਾ ਗਿਆ।

ਮੀਟਿੰਗ ਦੇ ਅੰਤ ਵਿੱਚ ਡੀਲਰਸ਼ਿਪ ਨੁਮਾਇੰਦਿਆਂ ਨੂੰ ਸਾਰੇ ਨਿਰਦੇਸ਼ਾਂ ਦੀ ਤੁਰੰਤ ਅਤੇ ਪੂਰੀ ਪਾਲਣਾ ਕਰਨ ਲਈ ਕਿਹਾ ਗਿਆ। ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਨਿਯਮਾਂ ਦੀ ਉਲੰਘਣਾ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਲੋੜ ਅਨੁਸਾਰ ਸਖ਼ਤ ਕਾਨੂੰਨੀ ਤੇ ਪ੍ਰਸ਼ਾਸਕੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ ਸਬੰਧੀ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਸ਼ੇਯਾਂਸੀ ਜੈਨ ਨੇ ਸਿਆਸੀ ਪਾਰਟੀਆਂ ਨਾਲ ਕੀਤੀ ਮੀਟਿੰਗ

ਸਾਂਝੀ ਖ਼ਬਰ

**24 ਅਕਤੂਬਰ ਨੂੰ ਲੁਧਿਆਣਾ ਜ਼ਿਲ੍ਹੇ ਦੇ ਪੋਲਿੰਗ ਸਟੇਸ਼ਨਾਂ ’ਤੇ ਸ਼ਾਮ 3 ਤੋਂ 5 ਵਜੇ ਤੱਕ ਲੱਗਣਗੇ ਵੋਟ ਰਜਿਸਟ੍ਰੇਸ਼ਨ ਲਈ ਵਿਸ਼ੇਸ਼ ਕੈਂਪ : ਵਧੀਕ ਜ਼ਿਲ੍ਹਾ ਚੋਣ ਅਫ਼ਸਰ ਸ਼ੇਯਾਂਸੀ ਜੈਨ**



ਜਸਵੀਰ ਸਿੰਘ ਮਣਕੂ
ਲੁਧਿਆਣਾ, 23 ਅਕਤੂਬਰ

ਭਾਰਤ ਚੋਣ ਕਮਿਸ਼ਨ ਵੱਲੋਂ ਯੋਗਤਾ ਮਿਤੀ 1 ਜਨਵਰੀ, 2027 ਦੇ ਆਧਾਰ ’ਤੇ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਸਬੰਧੀ ਜਾਰੀ ਸ਼ਡਿਊਲ ਤਹਿਤ ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਸ਼ੇਯਾਂਸੀ ਜੈਨ, ਆਈ.ਏ.ਐਸ. ਵੱਲੋਂ ਜ਼ਿਲ੍ਹੇ ਦੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ ਦੀ ਪ੍ਰਕਿਰਿਆ ਅਤੇ ਇਸ ਤੋਂ ਬਾਅਦ ਹੋਈਆਂ ਤਬਦੀਲੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਸ਼ੇਯਾਂਸੀ ਜੈਨ ਨੇ ਦੱਸਿਆ ਕਿ ਵੋਟਰਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ ਕੀਤੀ ਗਈ ਹੈ। ਇਸ ਉਪਰੰਤ ਜ਼ਿਲ੍ਹੇ ਵਿੱਚ ਕੁੱਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ 3,033 ਹੋ ਗਈ ਹੈ। ਵਿਧਾਨ ਸਭਾ ਹਲਕਾ ਖੰਨਾ ਵਿੱਚ 198, ਸਮਰਾਲਾ ਵਿੱਚ 230, ਸਾਹਨੇਵਾਲ ਵਿੱਚ 310, ਲੁਧਿਆਣਾ ਪੂਰਬੀ ਵਿੱਚ 235, ਲੁਧਿਆਣਾ ਦੱਖਣੀ ਵਿੱਚ 178, ਆਤਮ ਨਗਰ ਵਿੱਚ 170, ਲੁਧਿਆਣਾ ਕੇਂਦਰੀ ਵਿੱਚ 178, ਲੁਧਿਆਣਾ ਪੱਛਮੀ ਵਿੱਚ 192, ਲੁਧਿਆਣਾ ਉੱਤਰੀ ਵਿੱਚ 207, ਗਿੱਲ (ਅ.ਜ.) ਵਿੱਚ 310, ਪਾਇਲ (ਅ.ਜ.) ਵਿੱਚ 210, ਦਾਖਾ ਵਿੱਚ 223, ਰਾਏਕੋਟ (ਅ.ਜ.) ਵਿੱਚ 188 ਅਤੇ ਜਗਰਾਓਂ (ਅ.ਜ.) ਵਿੱਚ 204 ਪੋਲਿੰਗ ਸਟੇਸ਼ਨ ਹੋਣਗੇ।

ਉਨ੍ਹਾਂ ਦੱਸਿਆ ਕਿ 12 ਨਵੰਬਰ, 2026 ਨੂੰ ਡਰਾਫਟ ਵੋਟਰ ਸੂਚੀ ਪ੍ਰਕਾਸ਼ਿਤ ਕੀਤੀ ਜਾਵੇਗੀ। ਇਸ ਤੋਂ ਬਾਅਦ 12 ਨਵੰਬਰ ਤੋਂ 11 ਦਸੰਬਰ, 2026 ਤੱਕ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕੀਤੇ ਜਾਣਗੇ, ਜਦਕਿ ਇਨ੍ਹਾਂ ਦਾ ਨਿਪਟਾਰਾ 28 ਦਸੰਬਰ, 2026 ਤੱਕ ਕੀਤਾ ਜਾਵੇਗਾ। ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 4 ਜਨਵਰੀ, 2027 ਨੂੰ ਹੋਵੇਗੀ।

ਉਨ੍ਹਾਂ ਕਿਹਾ ਕਿ 1 ਜਨਵਰੀ, 2027 ਨੂੰ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਯੋਗ ਨਾਗਰਿਕ ਵੋਟਰ ਵਜੋਂ ਆਪਣਾ ਨਾਮ ਦਰਜ ਕਰਵਾਉਣ ਲਈ ਫਾਰਮ ਨੰਬਰ 6 ਜਾਂ 6-ਏ ਭਰ ਸਕਦੇ ਹਨ। ਇਸ ਸਬੰਧੀ 12 ਨਵੰਬਰ ਤੋਂ 11 ਦਸੰਬਰ, 2026 ਤੱਕ ਬੂਥ ਲੈਵਲ ਅਫ਼ਸਰ (ਬੀ.ਐੱਲ.ਓ.), ਸਬੰਧਤ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਜਾਂ ਜ਼ਿਲ੍ਹਾ ਚੋਣ ਦਫ਼ਤਰ ਵਿਖੇ ਅਰਜ਼ੀ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ voters.eci.gov.in ਪੋਰਟਲ ਜਾਂ ECINet ਐਪ ਰਾਹੀਂ ਆਨਲਾਈਨ ਅਰਜ਼ੀ ਵੀ ਜਮ੍ਹਾਂ ਕਰਵਾਈ ਜਾ ਸਕਦੀ ਹੈ। ਪਹਿਲਾਂ ਦਰਜ ਵੋਟ ਕਟਵਾਉਣ ਲਈ ਫਾਰਮ ਨੰਬਰ 7 ਅਤੇ ਵੋਟਰ ਸੂਚੀ ਵਿੱਚ ਵੇਰਵਿਆਂ ਦੀ ਸੋਧ ਜਾਂ ਪਤਾ ਬਦਲਣ ਲਈ ਫਾਰਮ ਨੰਬਰ 8 ਭਰਿਆ ਜਾ ਸਕਦਾ ਹੈ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ 24 ਅਕਤੂਬਰ ਨੂੰ ਸ਼ਾਮ 3 ਵਜੇ ਤੋਂ 5 ਵਜੇ ਤੱਕ ਪੋਲਿੰਗ ਸਟੇਸ਼ਨਾਂ ’ਤੇ ਵਿਸ਼ੇਸ਼ ਕੈਂਪ ਲਗਾਏ ਜਾਣਗੇ, ਜਿੱਥੇ ਬੀ.ਐੱਲ.ਓਜ਼ ਹਾਜ਼ਰ ਰਹਿ ਕੇ ਵੋਟਰਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨਗੇ। ਉਨ੍ਹਾਂ ਯੋਗ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਕੈਂਪਾਂ ਦਾ ਲਾਭ ਲੈਣ ਅਤੇ ਵੋਟਰ ਸੂਚੀ ਵਿੱਚ ਆਪਣੇ ਨਾਮ ਤੇ ਵੇਰਵਿਆਂ ਦੀ ਜਾਂਚ ਜ਼ਰੂਰ ਕਰਨ।

ਮੀਟਿੰਗ ਵਿੱਚ ਤਹਿਸੀਲਦਾਰ ਚੋਣਾਂ ਲੁਧਿਆਣਾ ਸ੍ਰੀ ਰਾਜਨ ਢੱਲ ਤੋਂ ਇਲਾਵਾ ਆਮ ਆਦਮੀ ਪਾਰਟੀ, ਇੰਡੀਅਨ ਨੈਸ਼ਨਲ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਬਹੁਜਨ ਸਮਾਜ ਪਾਰਟੀ ਅਤੇ ਹੋਰ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਹਾਜ਼ਰ ਸਨ।

# ਸਿੱਖਿਆ ਦੇ ਖੇਤਰ ਵਿੱਚ ਸਰਗਰਮ ਭਾਗੀਦਾਰੀ ਅਤੇ ਮਹੱਤਵਪੂਰਨ ਯੋਗਦਾਨ ਲਈ ਕਾਲਜ ਨੂੰ ਕੀਤਾ ਸਨਮਾਨਿਤ

ਸਾਂਝੀ ਖ਼ਬਰ



ਸ਼ਾਹਬਾਦ ਮਾਰਕੰਡਾ

ਸਰਦਾਰ ਚੰਨਣ ਸਿੰਘ ਘੁੰਮਣ ਮੈਮੋਰੀਅਲ ਕਾਲਜ ਆਫ਼ ਐਜੂਕੇਸ਼ਨ, ਸ਼ਾਹਬਾਦ ਮਾਰਕੰਡਾ ਨੂੰ ਹਰਿਆਣਾ ਸਕੂਲ ਸਿੱਖਿਆ ਸੰਮੇਲਨ-2026 ਦੌਰਾਨ ਸਿੱਖਿਆ ਦੇ ਖੇਤਰ ਵਿੱਚ ਸਰਗਰਮ ਭਾਗੀਦਾਰੀ ਅਤੇ ਮਹੱਤਵਪੂਰਨ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਹੋਟਲ ਰਮਾਡਾ, ਅੰਬਾਲਾ ਵਿਖੇ ਆਯੋਜਿਤ ਇਹ ਸੰਮੇਲਨ ਬੇਨੇਟ ਐਂਡ ਕੋਲਮੈਨ (ਦ ਟਾਈਮਜ਼ ਆਫ਼ ਇੰਡੀਆ), ਨੈਸ਼ਨਲ ਇੰਡੀਪੈਂਡੈਂਟ ਸਕੂਲਜ਼ ਅਲਾਇੰਸ (NISA) ਅਤੇ CGC ਲਾਂਡਰਾਂ ਦੇ ਸਾਂਝੇ ਪ੍ਰਬੰਧ ਹੇਠ ਆਯੋਜਿਤ ਕੀਤਾ ਗਿਆ ਸੀ। ਮਾਣਯੋਗ ਰਾਜ ਸਭਾ ਮੈਂਬਰ ਸ਼੍ਰੀ ਕਾਰਤੀਕੇਯ ਸ਼ਰਮਾ ਮੁੱਖ ਮਹਿਮਾਨ ਸਨ, ਹਰਿਆਣਾ ਦੀ ਰਾਜ ਸੂਚਨਾ ਕਮਿਸ਼ਨਰ ਸ਼੍ਰੀਮਤੀ ਨੀਤਾ ਖੇੜਾ ਵਿਸ਼ੇਸ਼ ਮਹਿਮਾਨ ਸਨ ਅਤੇ NISA ਦੇ ਪ੍ਰਧਾਨ ਸ਼੍ਰੀ ਕੁਲਭੂਸ਼ਣ ਸ਼ਰਮਾ ਪ੍ਰਧਾਨ ਸਨ। ਇਸ ਪ੍ਰਾਪਤੀ ਲਈ ਕਾਲਜ ਨੂੰ ਪ੍ਰਸ਼ੰਸਾ ਪੱਤਰ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ।

ਆਪਣੇ ਸੰਬੋਧਨ ਵਿੱਚ, ਮਾਣਯੋਗ ਮੁੱਖ ਮਹਿਮਾਨ, ਸ਼੍ਰੀ ਕਾਰਤੀਕੇਯ ਸ਼ਰਮਾ ਨੇ ਕਿਹਾ ਕਿ ਸਿੱਖਿਆ ਕਿਸੇ ਵੀ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਦੀ ਨੀਂਹ ਹੁੰਦੀ ਹੈ। ਗੁਣਵੱਤਾ ਵਾਲੀ ਸਿੱਖਿਆ ਨਾ ਸਿਰਫ਼ ਵਿਦਿਆਰਥੀਆਂ ਨੂੰ ਗਿਆਨ ਪ੍ਰਦਾਨ ਕਰਦੀ ਹੈ ਬਲਕਿ ਨੈਤਿਕ ਕਦਰਾਂ-ਕੀਮਤਾਂ, ਆਤਮ-ਵਿਸ਼ਵਾਸ ਅਤੇ ਲੀਡਰਸ਼ਿਪ ਹੁਨਰਾਂ ਨੂੰ ਵੀ ਵਿਕਸਤ ਕਰਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਦਿਅਕ ਸੰਸਥਾਵਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਲਈ ਆਧੁਨਿਕ ਵਿਦਿਅਕ ਢੰਗ ਅਪਣਾਉਣੇ ਚਾਹੀਦੇ ਹਨ। ਉਨ੍ਹਾਂ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਵਾਲੀਆਂ ਸੰਸਥਾਵਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਯਤਨ ਦੇਸ਼ ਦੇ ਉੱਜਵਲ ਭਵਿੱਖ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਕਾਲਜ ਪ੍ਰਿੰਸੀਪਲ ਡਾ. ਰਘਬੀਰ ਸਿੰਘ ਘੁੰਮਣ ਨੇ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਨਮਾਨ ਪੂਰੀ ਸੰਸਥਾ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿੱਖਿਆ ਦਾ ਉਦੇਸ਼ ਸਿਰਫ਼ ਕਿਤਾਬੀ ਗਿਆਨ ਦੇਣਾ ਨਹੀਂ ਹੈ, ਸਗੋਂ ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ-ਕੀਮਤਾਂ, ਅਨੁਸ਼ਾਸਨ, ਰਚਨਾਤਮਕਤਾ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਵੀ ਹੈ। ਅਜਿਹੇ ਸਨਮਾਨ ਵਿਦਿਅਕ ਸੰਸਥਾਵਾਂ ਨੂੰ ਸਿੱਖਿਆ ਦੀ ਗੁਣਵੱਤਾ ਵਿੱਚ ਲਗਾਤਾਰ ਸੁਧਾਰ ਕਰਨ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਹੋਰ ਵੀ ਸਮਰਪਣ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦੇ ਹਨ।

ਡਾ. ਘੁੰਮਣ ਨੇ ਇਸ ਪ੍ਰਾਪਤੀ ਦਾ ਸਿਹਰਾ ਸੰਸਥਾ ਦੇ ਪ੍ਰਬੰਧਨ, ਸਮਰਪਿਤ ਸਟਾਫ਼ ਅਤੇ ਸਿੱਖਿਆ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਕਾਲਜ ਮਿਆਰੀ ਸਿੱਖਿਆ ਪ੍ਰਦਾਨ ਕਰਨ, ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਸਿੱਖਿਆ ਵਿੱਚ ਨਵੀਨਤਾ ਨੂੰ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਰਹੇਗਾ। ਇਹ ਸਨਮਾਨ ਕਾਲਜ ਪਰਿਵਾਰ ਲਈ ਖੁਸ਼ੀ ਅਤੇ ਮਾਣ ਲਿਆਉਂਦਾ ਹੈ

# ਯੂਨੀਅਨ ਬੈਂਕ ਨੇ ਡਿਵਾਈਨ ਪਬਲਿਕ ਸਕੂਲ ਵਿਖੇ ਇੱਕ ਡਰਾਇੰਗ ਮੁਕਾਬਲਾ ਕਰਵਾਇਆ

ਸਾਂਝੀ ਖ਼ਬਰ



ਸ਼ਾਹਬਾਦ ਮਾਰਕੰਡਾ
23 ਅਕਤੂਬਰ

ਡਿਵਾਈਨ ਪਬਲਿਕ ਸਕੂਲ ਨੇ ਯੂਨੀਅਨ ਬੈਂਕ ਆਫ਼ ਇੰਡੀਆ ਵੱਲੋਂ ਵਿਦਿਆਰਥੀਆਂ ਲਈ ਇੱਕ ਡਰਾਇੰਗ ਮੁਕਾਬਲਾ ਕਰਵਾਇਆ। ਮੁਕਾਬਲੇ ਦਾ ਵਿਸ਼ਾ "ਚੌਕਸੀ ਜਾਗਰੂਕਤਾ" ਸੀ। ਇਸਦਾ ਉਦੇਸ਼ ਵਿਦਿਆਰਥੀਆਂ ਵਿੱਚ ਇਮਾਨਦਾਰੀ, ਪਾਰਦਰਸ਼ਤਾ, ਨੈਤਿਕ ਕਦਰਾਂ-ਕੀਮਤਾਂ ਅਤੇ ਭ੍ਰਿਸ਼ਟਾਚਾਰ ਪ੍ਰਤੀ ਜਾਗਰੂਕਤਾ ਦੀ ਭਾਵਨਾ ਵਿਕਸਤ ਕਰਨਾ ਸੀ।

ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਆਪਣੀ ਸਿਰਜਣਾਤਮਕਤਾ ਅਤੇ ਕਲਾਤਮਕ ਪ੍ਰਤਿਭਾ ਨੂੰ ਖੂਬਸੂਰਤੀ ਨਾਲ ਪ੍ਰਦਰਸ਼ਿਤ ਕੀਤਾ ਅਤੇ ਪੇਂਟਿੰਗਾਂ ਰਾਹੀਂ ਚੌਕਸੀ ਜਾਗਰੂਕਤਾ ਦਾ ਸੰਦੇਸ਼ ਦਿੱਤਾ।

ਇਸ ਮੁਕਾਬਲੇ ਵਿੱਚ ਅੱਠਵੀਂ ਜਮਾਤ ਦੇ ਲਗਭਗ 100 ਵਿਦਿਆ-ਰਥੀਆਂ ਨੇ ਹਿੱਸਾ ਲਿਆ, ਜਿਸ ਵਿੱਚ ਆਰੋਹੀ ਨੇ ਪਹਿਲਾ ਸਥਾਨ, ਗੁਰਨੂਰ ਨੇ ਦੂਜਾ ਅਤੇ ਮੰਨਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜੇਤੂ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਪ੍ਰਸ਼ੰਸਾ ਕੀਤੀ ਗਈ।

ਇਸ ਸਮਾਗਮ ਨੇ ਵਿਦਿਆਰ-ਥੀਆਂ ਨੂੰ ਆਪਣੀ ਕਲਾਤਮਕ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਅਤੇ ਇਮਾਨਦਾਰੀ ਅਤੇ ਨੈਤਿਕ ਜ਼ਿੰਮੇਵਾਰੀ ਦੇ ਮਹੱਤਵ ਨੂੰ ਸਮਝਣ ਦਾ ਮੌਕਾ ਪ੍ਰਦਾਨ ਕੀਤਾ। ਸਕੂਲ ਨੇ ਵਿਦਿਆਰ-ਥੀਆਂ ਦੇ ਸਰਵਪੱਖੀ ਵਿਕਾਸ ਲਈ ਯੂਨੀਅਨ ਬੈਂਕ ਆਫ਼ ਇੰਡੀਆ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਰਾਜਿੰਦਰ ਖੁੱਬੜ, ਵਾਈਸ ਪ੍ਰਿੰਸੀਪਲ ਸ਼੍ਰੀ ਮਨੀਸ਼ ਮਲਿਕ ਅਤੇ ਸਕੂਲ ਮੈਨੇਜਰ ਡਾ. ਗੁਰਦੀਪ ਸਿੰਘ ਹੇਅਰ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਨਾ ਸਿਰਫ਼ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਨੂੰ ਉਤਸ਼ਾਹਿਤ ਕਰਦੇ ਹਨ ਬਲਕਿ ਇਮਾਨਦਾਰੀ, ਨੈਤਿਕਤਾ ਅਤੇ ਸਮਾਜਿਕ ਜ਼ਿੰਮੇਵਾਰੀ ਵਰਗੇ ਮੁੱਲਾਂ ਨੂੰ ਵੀ ਪੈਦਾ ਕਰਦੇ ਹਨ।

ਸਕੂਲ ਪ੍ਰਬੰਧਨ ਨੇ ਯੂਨੀਅਨ ਬੈਂਕ ਆਫ਼ ਇੰਡੀਆ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

# ਪਿੰਡ ਪੂਹਲੀ ਵਿਖੇ ਨਹਿਰ ਦੇ ਪੁਲ ਨੂੰ ਢਾਹੁਣ ਦੇ ਵਿਰੋਧ ’ਚ ਪਿੰਡ ਵਾਸੀਆਂ ਵੱਲੋਂ ਧਰਨਾ

ਸਾਂਝੀ ਖ਼ਬਰ

**ਝੋਨੇ ਦੇ ਸੀਜ਼ਨ ਤੋਂ ਬਾਅਦ ਪੁਲ ਦੀ ਉਸਾਰੀ ਕਰਨ ਦੀ ਮੰਗ, ਕਿਸਾਨਾਂ ਨੂੰ ਆਵਾਜਾਈ ’ਚ ਭਾਰੀ ਮੁਸ਼ਕਲਾਂ ਆਉਣ ਦਾ ਖ਼ਦਸ਼ਾ**



(ਮਨਿੰਦਰ ਸਿੰਘ ਸਿੱਧੂ ) :
ਨਥਾਣਾ

ਨੇੜਲੇ ਪਿੰਡ ਪੂਹਲੀ ਵਿਖੇ ਨਹਿਰ ਦੇ ਪੁਲ ਨੂੰ ਢਾਹ ਕੇ ਨਵੇਂ ਸਿਰੇ ਤੋਂ ਬਣਾਉਣ ਦੇ ਮਾਮਲੇ ਨੂੰ ਲੈ ਕੇ ਪਿੰਡ ਵਾਸੀਆਂ ਵੱਲੋਂ ਧਰਨਾ ਲਗਾ ਕੇ ਵਿਰੋਧ ਪ੍ਰਗਟਾਇਆ ਗਿਆ। ਇਸ ਮੌਕੇ ਪਿੰਡ ਦੇ ਸਰਪੰਚ ਹਰਮਨਦੀਪ ਸਿੰਘ ਮੋਹਣਾ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਵਰਨਜੀਤ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਤਹਿਤ ਬਣੀ ਸੜਕ, ਜੋ ਪਿੰਡ ਪੂਹਲੀ ਵਿੱਚੋਂ ਲੰਘਦਿਆਂ ਨਥਾਣਾ ਵੱਲ ਜਾਂਦੀ ਹੈ, ਉੱਪਰ ਬਣੇ ਸਦੀਆਂ ਪੁਰਾਣੇ ਨਹਿਰੀ ਪੁਲ ਨੂੰ ਢਾਹ ਕੇ ਨਵੇਂ ਸਿਰੇ ਤੋਂ ਬਣਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ।

ਉਨ੍ਹਾਂ ਕਿਹਾ ਕਿ ਪਿੰਡ ਪੂਹਲੀ ਸਮੇਤ ਆਸ-ਪਾਸ ਦੇ ਪਿੰਡਾਂ ਦੇ ਕਿਸਾਨਾਂ ਅਤੇ ਵਸਨੀਕਾਂ ਦੀ ਮੰਗ ਹੈ ਕਿ ਪੁਲ ਨੂੰ ਢਾਹ ਕੇ ਨਵੇਂ ਸਿਰੇ ਤੋਂ ਬਣਾਉਣ ਦਾ ਕੰਮ ਝੋਨੇ ਦੇ ਸੀਜ਼ਨ ਤੋਂ ਬਾਅਦ ਸ਼ੁਰੂ ਕੀਤਾ ਜਾਵੇ, ਕਿਉਂਕਿ ਇਸ ਸਮੇਂ ਝੋਨੇ ਦਾ ਸੀਜ਼ਨ ਸ਼ੁਰੂ ਹੋ ਚੁੱਕਾ ਹੈ ਅਤੇ ਕਿਸਾਨਾਂ ਨੂੰ ਆਪਣੀ ਫ਼ਸਲ ਦੀ ਸਾਂਭ-ਸੰਭਾਲ, ਕਟਾਈ ਅਤੇ ਢੋਆ-ਢੁਆਈ ਲਈ ਆਵਾਜਾਈ ਦੀ ਬਹੁਤ ਲੋੜ ਹੁੰਦੀ ਹੈ।

ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਜੇਕਰ ਇਸ ਸਮੇਂ ਪੁਲ ਨੂੰ ਢਾਹ ਦਿੱਤਾ ਜਾਂਦਾ ਹੈ ਤਾਂ ਕਿਸਾਨਾਂ ਅਤੇ ਆਮ ਲੋਕਾਂ ਨੂੰ ਆਵਾਜਾਈ ਸਬੰਧੀ ਗੰਭੀਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਖ਼ਾਸ ਕਰਕੇ ਛੋਟੇ ਕਿਸਾਨਾਂ ਲਈ ਆਪਣੀ ਫ਼ਸਲ ਨੂੰ ਮੰਡੀਆਂ ਤੱਕ ਪਹੁੰਚਾਉਣਾ ਅਤੇ ਖੇਤੀਬਾੜੀ ਨਾਲ ਸਬੰਧਤ ਹੋਰ ਕੰਮ ਕਰਨਾ ਹੋਰ ਵੀ ਔਖਾ ਹੋ ਸਕਦਾ ਹੈ।

ਪਿੰਡ ਵਾਸੀਆਂ ਨੇ ਮੰਗ ਕੀਤੀ ਕਿ ਕਿਸਾਨਾਂ ਦੀਆਂ ਮੁਸ਼ਕਲਾਂ ਅਤੇ ਝੋਨੇ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਪੁਲ ਦੀ ਉਸਾਰੀ ਦਾ ਕੰਮ ਢੁੱਕਵੇਂ ਸਮੇਂ ’ਤੇ ਸ਼ੁਰੂ ਕੀਤਾ ਜਾਵੇ, ਤਾਂ ਜੋ ਕਿਸਾਨਾਂ ਅਤੇ ਇਲਾਕਾ ਵਾਸੀਆਂ ਨੂੰ ਬੇਲੋੜੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਖਬਰ ਲਿਖੇ ਜਾਣ ਤੱਕ ਧਰਨਾ ਚੱਲ ਰਿਹਾ ਸੀ,ਇਸ ਮੌਕੇ ਪਿੰਡ ਵਾਸੀਆ ਵੱਲੋਂ ਚੇਤਾਵਨੀ ਦਿੰਦਿਆ ਕਿਹਾ ਕਿ ਜੇਕਰ ਪੁਲ ਢਾਹੁਣ ਨੂੰ ਲੈਕੇ ਕੋਈ ਵੀ ਕਿਸੇ ਵੀ ਕਿਸਮ ਦਾ ਕੰਮ ਚੱਲਦਾ ਹੈ ,ਤਾਂ ਪਿੰਡ ਵਾਸੀਆ ਵੱਲੋਂ ਸੰਘਰਸ਼ ਤਿੱਖਾ ਤੇ ਤੇਜ ਕੀਤਾ ਜਾਵੇਗਾ।

# ਨਸ਼ਿਆਂ, ਗੈਂਗਸਟਰਵਾਦ ਤੇ ਗੋਲੀਆਂ ਦੀ ਗੂੰਜ ਨੇ ਖੋਲ੍ਹੀ ਪੰਜਾਬ ਸਰਕਾਰ ਦੇ ਦਾਅਵਿਆਂ ਦੀ ਪੋਲ : ਐਡਵੋਕੇਟ ਪੁਨੀਤਇੰਦਰ ਸਿੰਘ ਕੰਗ

ਸਾਂਝੀ ਖ਼ਬਰ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 23 ਅਕਤੂਬਰ

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਪੁਨੀਤਇੰਦਰ ਸਿੰਘ ਕੰਗ ਨੇ ਪੰਜਾਬ ਵਿੱਚ ਨਸ਼ਿਆਂ ਦੇ ਵਧਦੇ ਪ੍ਰਭਾਵ, ਗੈਂਗਸਟਰਾਂ ਦੀਆਂ ਗਤੀਵਿਧੀਆਂ, ਫਿਰੌਤੀਆਂ ਦੀਆਂ ਧਮਕੀਆਂ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਲੈ ਕੇ ਭਗਵੰਤ ਮਾਨ ਸਰਕਾਰ ’ਤੇ ਤਿੱਖੇ ਸਵਾਲ ਉਠਾਉਂਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਬਦਲਾਅ ਦੇ ਨਾਂ ’ਤੇ ਵੱਡੇ-ਵੱਡੇ ਦਾਅਵੇ ਸੁਣਾਏ ਗਏ ਸਨ, ਪਰ ਅੱਜ ਸੂਬੇ ਦੀ ਅਮਨ-ਸ਼ਾਂਤੀ ਅਤੇ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਲਗਾਤਾਰ ਵਧ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਅਸਲ ਕਾਰਗੁਜ਼ਾਰੀ ਭਾਸ਼ਣਾਂ ਅਤੇ ਇਸ਼ਤਿਹਾਰਾਂ ਨਾਲ ਨਹੀਂ, ਸਗੋਂ ਲੋਕਾਂ ਦੀ ਸੁਰੱਖਿਆ ਅਤੇ ਅਪਰਾਧਾਂ ’ਤੇ ਕਾਬੂ ਪਾਉਣ ਦੇ ਨਤੀਜਿਆਂ ਨਾਲ ਪਰਖੀ ਜਾਂਦੀ ਹੈ।

ਐਡਵੋਕੇਟ ਕੰਗ ਨੇ ਕਿਹਾ ਕਿ ਪੰਜਾਬ ਦੀ ਧਰਤੀ ਕਦੇ ਮਿਹਨਤ, ਬਹਾਦਰੀ, ਭਾਈਚਾਰਕ ਸਾਂਝ ਅਤੇ ਸ਼ਾਂਤੀ ਲਈ ਜਾਣੀ ਜਾਂਦੀ ਸੀ, ਪਰ ਨਸ਼ਿਆਂ ਦੇ ਕਾਰੋਬਾਰ, ਗੈਂਗਸਟ-ਰਵਾਦ ਅਤੇ ਹਿੰਸਕ ਘਟਨਾਵਾਂ ਨੇ ਲੋਕਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਲੋਕਾਂ ਨੂੰ ਫਿਰੌਤੀਆਂ ਦੀਆਂ ਧਮਕੀਆਂ, ਗੋਲੀਬਾਰੀ ਅਤੇ ਕਤਲ ਵਰਗੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸੂਬੇ ਵਿੱਚ ਕਾਨੂੰਨ ਦਾ ਰਾਜ ਕਾਇਮ ਕਰਨ ਲਈ ਆਪਣੀ ਕਾਰਗੁਜ਼ਾਰੀ ਦਾ ਸਪੱਸ਼ਟ ਜਵਾਬ ਦੇਵੇ। ਲੋਕਾਂ ਨੂੰ ਸੁਰੱਖਿਆ ਦੇਣ ਦੀ ਬਜਾਏ ਸਿਰਫ਼ ਦਾਅਵਿਆਂ ਦੇ ਸਹਾਰੇ ਜਨਤਾ ਦੀਆਂ ਚਿੰਤਾਵਾਂ ਦੂਰ ਨਹੀਂ ਕੀਤੀਆਂ ਜਾ ਸਕਦੀਆਂ।

ਉਨ੍ਹਾਂ ਮਾਨਸਾ ਵਿੱਚ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਪਰਮਿੰਦਰ ਸਿੰਘ ਝੋਟਾ ਦੀ ਗੋਲੀ ਮਾਰ ਕੇ ਕੀਤੀ ਗਈ ਹੱਤਿਆ ਅਤੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਮਾੜੀ ਪੰਨਵਾਂ ਵਿੱਚ ਬਿਕਰਮਜੀਤ ਸਿੰਘ ਦੀ ਮੌਤ ਸਮੇਤ ਸੰਗਰੂਰ ਜ਼ਿਲ੍ਹੇ ਵਿੱਚ ਗੁਲਜ਼ਾਰ ਸਿੰਘ ਦੀ ਮੌਤ ਨਾਲ ਜੁੜੇ ਵਿਵਾਦਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ ਨੇ ਨਸ਼ਿਆਂ ਦੀ ਸਮੱਸਿਆ ਅਤੇ ਲੋਕਾਂ ਦੀ ਸੁਰੱਖਿਆ ਬਾਰੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮਾਮਲਿਆਂ ਦੀ ਨਿਰਪੱਖ ਅਤੇ ਸਮਾਂਬੱਧ ਜਾਂਚ ਕਰਕੇ ਤੱਥਾਂ ਨੂੰ ਜਨਤਕ ਕੀਤਾ ਜਾਣਾ ਚਾਹੀਦਾ ਹੈ ਅਤੇ ਜਿੱਥੇ ਵੀ ਕੋਈ ਦੋਸ਼ੀ ਪਾਇਆ ਜਾਂਦਾ ਹੈ, ਉਸ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

ਐਡਵੋਕੇਟ ਕੰਗ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਮੁਹਿੰਮ ਚਲਾਉਣ ਦੇ ਦਾਅਵੇ ਉਸ ਸਮੇਂ ਤੱਕ ਅਧੂਰੇ ਹਨ, ਜਦੋਂ ਤੱਕ ਨਸ਼ਿਆਂ ਦੀ ਸਪਲਾਈ ਕਰਨ ਵਾਲੇ ਨੈੱਟਵਰਕ, ਤਸਕਰੀ ਦੇ ਸਰੋਤਾਂ ਅਤੇ ਇਸ ਧੰਦੇ ਨੂੰ ਚਲਾਉਣ ਵਾਲੇ ਲੋਕਾਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਸਾਹਮਣੇ ਨਹੀਂ ਆਉਂਦੀ। ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਸਿਰਫ਼ ਨਾਅਰੇ ਲਾਉਣ ਦੀ ਬਜਾਏ ਰੁਜ਼ਗਾਰ ਦੇ ਮੌਕੇ, ਖੇਡ ਸਹੂਲਤਾਂ, ਸਿੱਖਿਆ ਅਤੇ ਨਸ਼ਾ ਛੁਡਾਊ ਸੇਵਾਵਾਂ ਨੂੰ ਮਜ਼ਬੂਤ ਕਰਨਾ ਵੀ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਨੌਜਵਾਨੀ ਦਾ ਭਵਿੱਖ ਬਚਾਉਣਾ ਸਰਕਾਰ ਦੀ ਮੁੱਖ ਤਰਜੀਹ ਹੋਣੀ ਚਾਹੀਦੀ ਹੈ, ਨਾ ਕਿ ਸਿਆਸੀ ਪ੍ਰਚਾਰ ਨੂੰ ਤਰਜੀਹ ਦੇਣੀ।

ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਨੂੰ ਅਪਰਾਧਾਂ ਤੋਂ ਬਾਅਦ ਕਾਰਵਾਈ ਕਰਨ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਅਪਰਾਧਾਂ ਨੂੰ ਰੋਕਣ ਲਈ ਪਹਿਲਾਂ ਤੋਂ ਪ੍ਰਭਾਵਸ਼ਾਲੀ ਕਦਮ ਚੁੱਕਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਗੈਂਗਸਟਰਾਂ ਅਤੇ ਫਿਰੌਤੀ ਮੰਗਣ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ, ਸੰਵੇਦਨਸ਼ੀਲ ਇਲਾਕਿਆਂ ਵਿੱਚ ਪੁਲਿਸ ਦੀ ਚੌਕਸੀ ਅਤੇ ਆਮ ਲੋਕਾਂ ਦੀਆਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਸਮਾਜਿਕ ਕਾਰਕੁਨਾਂ ਅਤੇ ਗਲਤ ਕੰਮਾਂ ਦੀ ਜਾਣਕਾਰੀ ਦੇਣ ਵਾਲੇ ਨਾਗਰਿਕਾਂ ਦੀ ਸੁਰੱਖਿਆ ਨੂੰ ਵੀ ਵਿਸ਼ੇਸ਼ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਐਡਵੋਕੇਟ ਕੰਗ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਆਪਣੀਆਂ ਨਾਕਾਮੀਆਂ ਤੋਂ ਧਿਆਨ ਹਟਾਉਣ ਦੀ ਬਜਾਏ ਲੋਕਾਂ ਦੇ ਸਵਾਲਾਂ ਦਾ ਜਵਾਬ ਦੇਣਾ ਚਾਹੀਦਾ ਹੈ।

# ਯੂਨਾਈਟਿਡ ਸਿੱਖਸ ਵੱਲੋਂ ਨੇਪਾਲ ਵਿੱਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਰਾਹਤ ਕਾਰਜ ਤੇਜ਼








**ਬਿਦੁਰ ਵਿੱਚ ਰਾਹਤ ਮੁਹਿੰਮ ਤਹਿਤ ਆਸਰਿਆਂ ਦੀ ਮੁਰੰਮਤ, ਬੱਚਿਆਂ ਦੀ ਸਿੱਖਿਆ, ਔਰਤਾਂ ਦੀ ਸਫ਼ਾਈ ਅਤੇ ਬਜ਼ੁਰਗਾਂ ਦੀਆਂ ਲੋੜਾਂ ਲਈ ਜ਼ਰੂਰੀ ਸਮੱਗਰੀ ਵੰਡੀ**

ਚੰਡੀਗੜ੍ਹ/ਬਿਦੁਰ, ਨੇਪਾਲ, 23 ਅਕਤੂਬਰ : ਨੇਪਾਲ ਦੇ ਕਈ ਇਲਾਕਿਆਂ ਵਿੱਚ ਭਿਆਨਕ ਹੜ੍ਹਾਂ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਨੂੰ ਇੱਕ ਮਹੀਨਾ ਬੀਤ ਚੁੱਕਾ ਹੈ, ਪਰ ਅਜੇ ਵੀ ਬਹੁਤ ਸਾਰੇ ਪਰਿਵਾਰ ਬੇਘਰ ਹਨ ਅਤੇ ਉਨ੍ਹਾਂ ਕੋਲ ਵਾਪਸ ਜਾਣ ਲਈ ਸੁਰੱਖਿਅਤ ਘਰ ਨਹੀਂ ਹਨ। ਆਫ਼ਤ ਦਾ ਮੁੱਢਲਾ ਐਮਰਜੈਂਸੀ ਪੜਾਅ ਬੀਤ ਜਾਣ ਦੇ ਬਾਵਜੂਦ ਪ੍ਰਭਾਵਿਤ ਪਰਿਵਾਰਾਂ ਨੂੰ ਮਨੁੱਖੀ ਸਹਾਇਤਾ ਦੀ ਅਜੇ ਵੀ ਸਖ਼ਤ ਲੋੜ ਹੈ। ਇਹ ਪਰਿਵਾਰ ਆਪਣੀ ਜ਼ਿੰਦਗੀ ਨੂੰ ਮੁੜ ਲੀਹ 'ਤੇ ਲਿਆਉਣ ਅਤੇ ਆਮ ਹਾਲਾਤਾਂ ਵਿੱਚ ਵਾਪਸ ਪਰਤਣ ਲਈ ਸੰਘਰਸ਼ ਕਰ ਰਹੇ ਹਨ।

ਮਨੁੱਖੀ ਸੇਵਾ ਲਈ ਕਾਰਜਸ਼ੀਲ ਸੰਸਥਾ ਯੂਨਾਈਟਿਡ ਸਿੱਖਸ (UNITED SIKHS) ਆਪਣੇ **'ਭੋਜਨ ਤੋਂ ਆਸਰੇ ਤੱਕ ਪ੍ਰੋਜੈਕਟ'** ਰਾਹੀਂ ਨੇਪਾਲ ਵਿੱਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਲਗਾਤਾਰ ਮਦਦ ਕਰ ਰਹੀ ਹੈ। ਇਸ ਪ੍ਰੋਜੈਕਟ ਤਹਿਤ ਸੰਸਥਾ ਰਾਸੁਵਾ ਜ਼ਿਲ੍ਹੇ ਤੋਂ ਸੁਰੱਖਿਅਤ ਥਾਵਾਂ 'ਤੇ ਪਹੁੰਚਾਏ ਗਏ ਪਰਿਵਾਰਾਂ ਨੂੰ ਜ਼ਰੂਰੀ ਰਾਹਤ ਸਮੱਗਰੀ ਮੁਹੱਈਆ ਕਰਵਾ ਰਹੀ ਹੈ। ਰਾਸੁਵਾ ਇਸ ਆਫ਼ਤ ਨਾਲ ਸਭ ਤੋਂ ਵੱਧ ਪ੍ਰਭਾਵਿਤ ਇਲਾਕਿਆਂ ਵਿੱਚੋਂ ਇੱਕ ਹੈ। ਇੱਥੋਂ ਬੇਘਰ ਹੋਏ ਕਈ ਪਰਿਵਾਰ ਇਸ ਸਮੇਂ ਕਾਠਮੰਡੂ ਤੋਂ ਲਗਭਗ ਤਿੰਨ ਤੋਂ ਚਾਰ ਘੰਟਿਆਂ ਦੀ ਦੂਰੀ 'ਤੇ ਸਥਿਤ ਬਿਦੁਰ ਦੇ ਆਰਜ਼ੀ ਰਾਹਤ ਕੈਂਪਾਂ ਵਿੱਚ ਰਹਿ ਰਹੇ ਹਨ। ਹੜ੍ਹ ਦੇ ਪਾਣੀ ਕਾਰਨ ਕਈ ਪਰਿਵਾਰਾਂ ਦੇ ਘਰ ਤਬਾਹ ਹੋ ਗਏ ਜਾਂ ਪਾਣੀ ਵਿੱਚ ਡੁੱਬ ਗਏ।

ਪ੍ਰਭਾਵਿਤ ਭਾਈਚਾਰਿਆਂ ਦੀਆਂ ਬਦਲਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਯੂਨਾਈਟਿਡ ਸਿੱਖਸ ਨੇ ਆਪਣੇ ਰਾਹਤ ਕਾਰਜਾਂ ਦਾ ਧਿਆਨ ਤੁਰੰਤ ਭੋਜਨ ਵੰਡਣ ਤੋਂ ਅੱਗੇ ਵਧਾਉਂਦਿਆਂ ਸੁਰੱਖਿਅਤ ਆਸਰੇ, ਬਿਹਤਰ ਰਹਿਣ-ਸਹਿਣ ਅਤੇ ਰੋਜ਼ਾਨਾ ਜੀਵਨ ਲਈ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ 'ਤੇ ਕੇਂਦਰਿਤ ਕੀਤਾ ਹੈ। ਇਸ ਦਾ ਉਦੇਸ਼ ਬੇਘਰ ਹੋਏ ਪਰਿਵਾਰਾਂ ਨੂੰ ਸੁਰੱਖਿਅਤ, ਆਰਾਮਦਾਇਕ ਅਤੇ ਸਨਮਾਨਜਨਕ ਮਾਹੌਲ ਪ੍ਰਦਾਨ ਕਰਨਾ ਹੈ।

#ਤਿੰਨ ਰਾਹਤ ਕੇਂਦਰਾਂ 'ਤੇ ਪਹੁੰਚਾਈ ਗਈ ਜ਼ਰੂਰੀ ਸਮੱਗਰੀ

ਆਪਣੀ ਤਾਜ਼ਾ ਰਾਹਤ ਮੁਹਿੰਮ ਦੌਰਾਨ ਯੂਨਾਈਟਿਡ ਸਿੱਖਸ ਨੇ ਬਿਦੁਰ ਦੇ ਤਿੰਨ ਆਰਜ਼ੀ ਆਸਰਾ ਕੇਂਦਰਾਂ 'ਤੇ ਪਹੁੰਚ ਕੇ ਉੱਥੇ ਰਹਿ ਰਹੇ ਪਰਿਵਾਰਾਂ ਦੀਆਂ ਲੋੜਾਂ ਅਨੁਸਾਰ ਰਾਹਤ ਸਮੱਗਰੀ ਵੰਡੀ।

**ਪਹਿਲੇ ਰਾਹਤ ਕੇਂਦਰ 'ਤੇ**, ਸੰਸਥਾ ਨੇ ਆਰਜ਼ੀ ਆਸਰਿਆਂ ਦੇ ਫਰਸ਼ ਨੂੰ ਬਿਹਤਰ ਬਣਾਉਣ ਅਤੇ ਸਿੱਲ੍ਹੇ ਤੇ ਅਸੁਰੱਖਿਅਤ ਹਾਲਾਤਾਂ ਤੋਂ ਬਚਾਅ ਲਈ ਕੁਚਲੇ ਹੋਏ ਪੱਥਰਾਂ ਦੇ 10 ਟਰੱਕ ਅਤੇ ਰੇਤ ਦੇ ਚਾਰ ਟਰੱਕ ਮੁਹੱਈਆ ਕਰਵਾਏ। ਇਸ ਤੋਂ ਇਲਾਵਾ ਬੱਚਿਆਂ ਲਈ ਲਿਖਣ-ਪੜ੍ਹਨ ਦਾ ਸਮਾਨ, ਚਿੱਤਰਕਾਰੀ ਦੀਆਂ ਕਾਪੀਆਂ ਅਤੇ ਖੇਡਾਂ ਦਾ ਸਾਮਾਨ ਵੰਡਿਆ ਗਿਆ। ਔਰਤਾਂ ਦੀਆਂ ਸਫ਼ਾਈ ਸਬੰਧੀ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਸੈਨੇਟਰੀ ਪੈਡ ਅਤੇ ਹੋਰ ਜ਼ਰੂਰੀ ਸਫ਼ਾਈ ਸਮੱਗਰੀ ਵੀ ਮੁਹੱਈਆ ਕਰਵਾਈ ਗਈ।

**ਦੂਜੇ ਰਾਹਤ ਕੇਂਦਰ 'ਤੇ**, ਸੰਸਥਾ ਨੇ ਗਰਮ ਪਾਣੀ ਰੱਖਣ ਵਾਲੀਆਂ ਥਰਮਸ ਬੋਤਲਾਂ ਅਤੇ ਬਿਜਲੀ ਨਾਲ ਚੱਲਣ ਵਾਲੀਆਂ ਕੇਤਲੀਆਂ ਵੰਡੀਆਂ। ਇਸ ਦੇ ਨਾਲ ਹੀ ਉਨ੍ਹਾਂ ਬਜ਼ੁਰਗਾਂ ਲਈ ਬਿਜਲੀ ਵਾਲੇ ਹੀਟਰ ਮੁਹੱਈਆ ਕਰਵਾਏ ਗਏ, ਜੋ ਆਪਣੇ ਰਿਹਾਇਸ਼ੀ ਸਥਾਨ ਨੂੰ ਨੁਕਸਾਨ ਪਹੁੰਚਣ ਤੋਂ ਬਾਅਦ ਆਰਜ਼ੀ ਆਸਰੇ ਵਿੱਚ ਰਹਿ ਰਹੇ ਹਨ। ਇਨ੍ਹਾਂ ਸਹੂਲਤਾਂ ਦਾ ਉਦੇਸ਼ ਮੁਸ਼ਕਲ ਹਾਲਾਤਾਂ ਵਿੱਚ ਬਜ਼ੁਰਗਾਂ ਨੂੰ ਨਿੱਘ ਅਤੇ ਰਾਹਤ ਪ੍ਰਦਾਨ ਕਰਨਾ ਹੈ।

**ਤੀਜੇ ਰਾਹਤ ਕੇਂਦਰ 'ਤੇ**, ਪ੍ਰਭਾਵਿਤ ਪਰਿਵਾਰਾਂ ਨੂੰ ਗਰਮ ਪਾਣੀ ਰੱਖਣ ਵਾਲੀਆਂ ਥਰਮਸ ਬੋਤਲਾਂ, ਸੈਨੇਟਰੀ ਪੈਡ, ਖੇਡਾਂ ਦਾ ਸਾਮਾਨ ਅਤੇ ਬੱਚਿਆਂ ਲਈ ਚਿੱਤਰਕਾਰੀ ਤੇ ਸਕੈਚ ਬਣਾਉਣ ਦੀ ਸਮੱਗਰੀ ਦਿੱਤੀ ਗਈ।

#ਰਾਹਤ ਦੇ ਨਾਲ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਦੀ ਭਲਾਈ ਵੱਲ ਵੀ ਧਿਆਨ

ਯੂਨਾਈਟਿਡ ਸਿੱਖਸ ਦੀ ਇਹ ਰਾਹਤ ਮੁਹਿੰਮ ਸਿਰਫ਼ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੱਕ ਸੀਮਤ ਨਹੀਂ ਹੈ, ਸਗੋਂ ਇਸ ਦਾ ਉਦੇਸ਼ ਆਫ਼ਤ ਪ੍ਰਭਾਵਿਤ ਲੋਕਾਂ ਦੀ ਮਾਨਸਿਕ ਅਤੇ ਭਾਵਨਾਤਮਕ ਸਿਹਤ ਦਾ ਵੀ ਧਿਆਨ ਰੱਖਣਾ ਹੈ। ਲੰਬੇ ਸਮੇਂ ਤੱਕ ਬੇਘਰ ਰਹਿਣ ਵਾਲੇ ਬੱਚਿਆਂ ਨੂੰ ਪੜ੍ਹਾਈ ਅਤੇ ਮਨੋਰੰਜਨ ਨਾਲ ਸਬੰਧਤ ਸਮੱਗਰੀ ਮੁਹੱਈਆ ਕਰਵਾਉਣ ਨਾਲ ਉਨ੍ਹਾਂ ਨੂੰ ਆਮ ਜੀਵਨ ਦੀਆਂ ਗਤੀਵਿਧੀਆਂ ਨਾਲ ਜੁੜੇ ਰਹਿਣ ਵਿੱਚ ਮਦਦ ਮਿਲਦੀ ਹੈ।

ਇਸੇ ਤਰ੍ਹਾਂ ਔਰਤਾਂ ਨੂੰ ਸਫ਼ਾਈ ਸਬੰਧੀ ਜ਼ਰੂਰੀ ਸਮੱਗਰੀ ਅਤੇ ਬਜ਼ੁਰਗਾਂ ਲਈ ਨਿੱਘ ਦੇ ਪ੍ਰਬੰਧ ਕਰਨਾ ਉਨ੍ਹਾਂ ਦੀ ਸਿਹਤ, ਸੁਰੱਖਿਆ ਅਤੇ ਸਨਮਾਨ ਨੂੰ ਬਣਾਈ ਰੱਖਣ ਵੱਲ ਅਹਿਮ ਕਦਮ ਹੈ। ਆਰਜ਼ੀ ਆਸਰਿਆਂ ਵਿੱਚ ਰਹਿ ਰਹੇ ਪਰਿਵਾਰਾਂ ਨੂੰ ਬਿਹਤਰ ਸਹੂਲਤਾਂ ਦੇ ਕੇ ਸੰਸਥਾ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਮੁਸ਼ਕਲਾਂ ਘਟਾਉਣ ਦੀ ਕੋਸ਼ਿਸ਼ ਕਰ ਰਹੀ ਹੈ।

# ਮੁੜ ਵਸੇਬੇ ਦੇ ਯਤਨਾਂ ਵਿੱਚ ਜੁਟੀ ਯੂਨਾਈਟਿਡ ਸਿੱਖਸ

ਹੜ੍ਹਾਂ ਅਤੇ ਜ਼ਮੀਨ ਖਿਸਕਣ ਕਾਰਨ ਪ੍ਰਭਾਵਿਤ ਭਾਈਚਾਰਿਆਂ ਦੇ ਮੁੜ ਵਸੇਬੇ ਦੀ ਪ੍ਰਕਿਰਿਆ ਜਾਰੀ ਹੈ। ਅਜਿਹੇ ਸਮੇਂ ਵਿੱਚ ਯੂਨਾਈਟਿਡ ਸਿੱਖਸ ਲੋੜਵੰਦ ਪਰਿਵਾਰਾਂ ਤੱਕ ਰਾਹਤ ਪਹੁੰਚਾਉਣ ਅਤੇ ਸਥਾਨਕ ਸਹਿਯੋਗੀਆਂ ਨਾਲ ਮਿਲ ਕੇ ਲੰਬੇ ਸਮੇਂ ਦੇ ਮੁੜ ਵਸੇਬੇ ਦੇ ਯਤਨਾਂ ਨੂੰ ਮਜ਼ਬੂਤ ਕਰਨ ਵਿੱਚ ਜੁਟੀ ਹੋਈ ਹੈ।

ਸੰਸਥਾ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਆਫ਼ਤ ਪ੍ਰਭਾਵਿਤ ਪਰਿਵਾਰਾਂ ਨੂੰ ਸਿਰਫ਼ ਤੁਰੰਤ ਰਾਹਤ ਹੀ ਨਹੀਂ, ਸਗੋਂ ਮੁਸ਼ਕਲ ਹਾਲਾਤਾਂ ਵਿੱਚੋਂ ਉਭਰਨ ਅਤੇ ਸਨਮਾਨਜਨਕ ਜੀਵਨ ਵੱਲ ਮੁੜਨ ਲਈ ਲੋੜੀਂਦੀ ਸਹਾਇਤਾ ਵੀ ਮਿਲ ਸਕੇ।

ਨੇਪਾਲ ਦੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਸਹਿਯੋਗ ਦੀ ਅਪੀਲ

ਨੇਪਾਲ ਵਿੱਚ ਬੇਘਰ ਹੋਏ ਪਰਿਵਾਰਾਂ ਦੀ ਮਦਦ ਲਈ ਯੂਨਾਈਟਿਡ ਸਿੱਖਸ ਨੇ ਲੋਕਾਂ ਨੂੰ ਅੱਗੇ ਆਉਣ ਅਤੇ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ ਹੈ। ਸੰਸਥਾ ਦੇ **'ਭੋਜਨ ਤੋਂ ਆਸਰੇ ਤੱਕ ਪ੍ਰੋਜੈਕਟ'** ਤਹਿਤ ਦਿੱਤਾ ਗਿਆ ਦਾਨ ਆਸਰਿਆਂ ਵਿੱਚ ਸੁਧਾਰ, ਜ਼ਰੂਰੀ ਸਮੱਗਰੀ ਦੀ ਉਪਲਬਧਤਾ ਅਤੇ ਪ੍ਰਭਾਵਿਤ ਪਰਿਵਾਰਾਂ ਦੇ ਮੁੜ ਵਸੇਬੇ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ।

ਤੁਹਾਡਾ ਹਰ ਯੋਗਦਾਨ ਉਨ੍ਹਾਂ ਪਰਿਵਾਰਾਂ ਲਈ ਉਮੀਦ ਦੀ ਨਵੀਂ ਕਿਰਨ ਬਣ ਸਕਦਾ ਹੈ, ਜਿਨ੍ਹਾਂ ਨੇ ਇਸ ਆਫ਼ਤ ਵਿੱਚ ਆਪਣੇ ਘਰ ਅਤੇ ਜੀਵਨ ਦੀਆਂ ਆਮ ਸਹੂਲਤਾਂ ਗੁਆ ਦਿੱਤੀਆਂ ਹਨ। ਇਸ ਔਖੇ ਸਮੇਂ ਵਿੱਚ ਸਾਂਝੇ ਯਤਨਾਂ ਰਾਹੀਂ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਭਵਿੱਖ ਵੱਲ ਵਧਣ ਵਿੱਚ ਮਦਦ ਕੀਤੀ ਜਾ ਸਕਦੀ ਹੈ।

ਦਾਨ ਅਤੇ ਸਹਿਯੋਗ ਲਈ:** ਯੂਨਾਈਟਿਡ ਸਿੱਖਸ ਦੀ ਅਧਿਕਾਰਤ ਵੈੱਬਸਾਈਟ 'ਤੇ ਜਾ ਕੇ 'ਭੋਜਨ ਤੋਂ ਆਸਰੇ ਤੱਕ ਪ੍ਰੋਜੈਕਟ' ਬਾਰੇ ਜਾਣਕਾਰੀ ਪ੍ਰਾਪਤ ਕਰੋ ਅਤੇ ਆਪਣਾ ਯੋਗਦਾਨ ਪਾਓ।

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਗੁਰਦੁਆਰਾ ਬੋਰਡ ਦੀ ਬਹਾਲੀ ਲਈ ਮਹਾਰਾਸ਼ਟਰ ਸਰਕਾਰ ਨਿਆਇਕ ਹੁਕਮਾਂ ਦੀ ਪਾਲਣਾ ਕਰੇ: ਬਾਬਾ ਬਲਬੀਰ ਸਿੰਘ ਜੀ ਅਕਾਲੀ 96 ਕਰੋੜੀ

**ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਅਤੇ ਪੰਥਕ ਮਰਿਆਦਾਵਾਂ ਦਾ ਸਤਿਕਾਰ ਕਰਦਿਆਂ ਜਲਦ ਨਿਆ ਸੰਗਤ ਹੱਲ ਕੱਢਿਆ ਜਾਵੇ**

( ਅਰਵਿੰਦਰ ਸਿੰਘ ਬਿੰਦੀ )
ਸ੍ਰੀ ਅਨੰਦਪੁਰ ਸਾਹਿਬ:-
23 ਅਕਤੂਬਰ : ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਜੀ ਅਕਾਲੀ 96 ਕਰੋੜੀ ਨੇ ਮਹਾਰਾਸ਼ਟਰ ਸਰਕਾਰ ਨੂੰ ਅਪੀਲ ਕੀਤੀ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੇ ਗੁਰਦੁਆਰਾ ਬੋਰਡ ਦੀ ਬਹਾਲੀ ਸਬੰਧੀ ਮਾਣਯੋਗ ਉੱਚ ਅਦਾਲਤ, ਖੰਡਪੀਠ ਔਰੰਗਾਬਾਦ ਦੇ ਹੁਕਮਾਂ ਦੀ ਸਮੇਂ-ਬੱਧ ਅਤੇ ਨਿਰਪੱਖ ਪਾਲਣਾ ਯਕੀਨੀ ਬਣਾਈ ਜਾਵੇ।

ਉਨ੍ਹਾਂ ਕਿਹਾ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਸਮੁੱਚੇ ਸਿੱਖ ਪੰਥ ਦਾ ਪਵਿੱਤਰ ਤਖ਼ਤ ਹੈ, ਜਿਸ ਨਾਲ



ਦੇਸ਼-ਵਿਦੇਸ਼ ਦੀ ਸੰਗਤ ਦੀ ਡੂੰਘੀ ਆਸਥਾ ਜੁੜੀ ਹੋਈ ਹੈ। ਇਸ ਲਈ ਗੁਰਦੁਆਰਾ ਬੋਰਡ ਦੀ ਬਹਾਲੀ ਅਤੇ ਨਵੇਂ ਬੋਰਡ ਦੇ ਗਠਨ ਸਬੰਧੀ ਫ਼ੈਸਲੇ ਲੈਂਦਿਆਂ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ, ਪੰਥਕ ਪਰੰਪਰਾਵਾਂ ਅਤੇ ਸੰਵਿਧਾਨਕ ਅਧਿਕਾਰਾਂ ਦਾ ਪੂਰਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ।

ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਸਰਕਾਰ ਇਸ ਮਾਮਲੇ ਨੂੰ ਰਾਜਨੀਤਿਕ ਨਜ਼ਰੀਏ ਦੀ ਬਜਾਏ ਨਿਆਂ, ਪਾਰਦਰਸ਼ਤਾ ਅਤੇ ਆਪਸੀ ਸੰਵਾਦ ਰਾਹੀਂ ਹੱਲ ਕਰੇ।

# ਸਯੁੰਕਤ ਕਿਸਾਨ ਮੋਰਚੇ ਵੱਲੋਂ ਐਸ ਆਈ ਆਰ ਰੱਦ ਕਰਨ ਲਈ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ

(ਵਰਿੰਦਰ ਸਿੰਘ)
ਸਰਦੂਲਗੜ੍ਹ, 23 ਅਕਤੂਬਰ
ਸਯੁੰਕਤ ਕਿਸਾਨ ਮੋਰਚੇ ਵੱਲੋਂ ਐਸ ਡੀ ਐਮ ਦਫ਼ਤਰ ਧਰਨਾ ਦਿੱਤਾ ਗਿਆ ਇਹ ਧਰਨਾ ਲੋਕਤੰਤਰ ਦੀ ਰਾਖੀ ਲਈ ਦਿੱਤਾ ਗਿਆ ਇਸ ਮੌਕੇ ਕਿਸਾਨ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਐਸ ਆਈ ਆਰ ਦੇ ਨਾਂ ਤੇ ਬਿਨਾਂ ਕਿਸੇ ਪਾਰਦਰਸ਼ਤਾ ਦੇ 13.41ਕਰੋੜ ਅਸਲ ਨਾਗਰਿਕ ਦੇ ਨਾਮ ਵੋਟਰ ਸੂਚੀਆਂ ਵਿੱਚੋਂ ਹਟਾ ਦਿੱਤੇ ਹਨ ਜੋ ਕਿ ਨਾਗਰਿਕਾਂ ਦੇ ਵੋਟ ਪਾਉਣ ਦੇ ਮੌਲਿਕ ਅਧਿਕਾਰ ਉਪਰ ਸਿੱਧਾ ਡਾਕਾ ਹੈ।ਵੋਟਰ ਸੂਚੀਆਂ ਵਿੱਚੋਂ ਕੱਟੇ ਨਾਂ ਬਹਾਲ ਕਰਨ,ਐਸ ਆਈ ਆਰ ਰੱਦ ਕਰਨ, ਅਤੇ ਮੁੱਖ ਚੋਣ ਕਮਿਸ਼ਨਰ ਨੂੰ ਹਟਾਉਣ ਉਸ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ ਬੁਲਾਰਿਆਂ ਨੇ ਕਿਹਾ ਕਿ ਚੋਣ ਕਮਿਸ਼ਨਰ ਦੀ ਦੀ ਚੋਣ



ਸਬੰਧੀ 2023 ਦੇ ਕਾਨੂੰਨ ਵਿੱਚ ਸੋਧ ਕਰਕੇ ਪ੍ਰਧਾਨ ਮੰਤਰੀ ਦੁਆਰਾ ਨਾਮਜ਼ਦ ਕੈਬਨਿਟ ਮੰਤਰੀ ਦੀ ਥਾਂ ਸੁਪਰੀਮ ਕੋਰਟ ਦੇ ਮੁੱਖ ਜੱਜ ਨੂੰ ਸ਼ਾਮਲ ਕੀਤਾ ਜਾਵੇ। ਚੋਣ ਪ੍ਰਨਾਲੀ ਵਿਚ ਸੋਧ ਕਰਕੇ ਅਨੁਪਾਤਕ ਪ੍ਰਤੀਨਿਧਤਾ ਪ੍ਰਨਾਲੀ ਲਾਗੂ ਕੀਤੀ ਜਾਵੇ। ਚੋਣਾਂ ਵਿੱਚ ਪੈਸੇ ਅਤੇ ਬਾਹੂਬਲ ਉਪਰ ਸਖ਼ਤੀ ਨਾਲ ਰੋਕ ਲਾਈ ਜਾਵੇ। ਚੋਣ ਲੜਣ ਲਈ ਸਰਕਾਰੀ ਫੰਡ ਦੀ ਵਿਵਸਥਾ ਕੀਤੀ ਜਾਵੇ। ਦਿੱਲੀ ਵਿਚ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ, ਔਰਤਾਂ, ਪੱਤਰਕਾਰਾਂ ਉਪਰ ਦਿੱਲੀ ਪੁਲਿਸ ਅਤੇ ਆਰ ਐਸ ਐਸ ਦੇ ਗੁੰਡੇ ਅਨਸਰਾਂ ਵੱਲੋਂ ਕੀਤੇ ਤਸ਼ੱਦਦ,ਜਿਨਸੀ ਛੇੜਛਾੜ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਕਿਹਾ ਕਿ ਮੋਦੀ ਸਰਕਾਰ ਵਿਰੋਧ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ ਜੋ ਹਰਗਿਜ਼ ਸਹਿਣ ਨਹੀਂ ਕੀਤਾ ਜਾਵੇਗਾ ਆਉਣ ਵਾਲੇ ਸਮੇਂ ਵਿੱਚ ਇਸ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਇੱਕ ਮੰਗ ਪੱਤਰ ਪੰਜਾਬ ਦੇ ਮੁੱਖ ਮੰਤਰੀ ਦੇ ਨਾਂ ਦਿੱਤਾ ਗਿਆ ਜਿਸ ਵਿਚ ਕਿਸਾਨ ਮਜ਼ਦੂਰਾਂ ਸਿਰ ਕਰਜ਼ੇ ਮੁਆਫ਼ ਕਰਨ,58ਸਾਲ ਦੀ ਉਮਰ ਦੇ ਕਿਸਾਨ ਮਜ਼ਦੂਰ ਨੂੰ ਦਸ ਹਜ਼ਾਰ ਰੁਪੈ ਪੈਨਸ਼ਨ ਦੀ ਮੰਗ ਕੀਤੀ ਗਈ। ਵਿਸ਼ੇਸ਼ ਤੌਰ ਤੇ ਨਸ਼ਿਆਂ ਵਿਰੁੱਧ ਮੁਹਿੰਮ ਦੇ ਸ਼ਹੀਦ ਪਰਵਿੰਦਰ ਸਿੰਘ ਝੋਟਾ ਜਿਸ ਨੂੰ ਮਾਨਸਾ ਸ਼ਹਿਰ ਦੇ ਅੰਦਰ ਦਿਨੇ ਦਿਹਾੜੇ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ ਦੇ ਪਰਿਵਾਰ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ ਗਈ। ਇਸ ਧਰਨੇ ਨੂੰ ਦਰਸ਼ਨ ਸਿੰਘ ਜਟਾਣਾ, ਲਾਲ ਚੰਦ ਸਰਦੂਲਗੜ੍ਹ ਆਤਮਾ ਰਾਮ, ਜੁਗਰਾਜ ਸਿੰਘ ਹੀਰਕੇ, ਸੱਤਪਾਲ ਚੋਪੜਾ, ਹਰਬੰਸ ਸਿੰਘ ਟਾਂਡੀਆਂ , ਮਨਜੀਤ ਸਿੰਘ ਉਲੱਕ, ਬਲਵੀਰ ਸਿੰਘ ਝੰਡੂਕੇ ਗੁਰਚਰਨ ਸਿੰਘ,ਮੰਗਤ ਰਾਮ ਕਰੰਡੀ, ਗੁਰਦੀਪ ਸਿੰਘ ਜਟਾਣਾ,ਪੂਰਨ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਮੰਗ ਪੱਤਰ ਐਸ ਡੀ ਐਮ ਦੀ ਗੈਰ ਮੌਜੂਦਗੀ ਵਿਚ ਤਹਿਸੀਲਦਾਰ ਨੇ ਹਾਸਲ ਕੀਤਾ।

# ਮਾਲਵਾ ਕਾਲਜ ਵਿਖੇ ਸਵੀਪ ਅਧੀਨ ਸੈਮੀਨਾਰ ਕਰਵਾਇਆ

(ਵਰਿੰਦਰ ਸਿੰਘ)
ਸਰਦੂਲਗੜ੍ਹ, 23 ਅਕਤੂਬਰ
ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਉਸੇ ਤਰ੍ਹਾਂ ਹੀ ਭਾਰਤੀ ਚੋਣ ਕਮਿਸ਼ਨ ਨੇ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ। ਇਸੇ ਹੀ ਸਿਲਸਿਲੇ ਅਧੀਨ ਅੱਜ ਮਾਲਵਾ ਗਰੁੱਪ ਆਫ ਕਾਲਜਸ ਸਰਦਦੂਲੇ-ਵਾਲਾ ਵਿਖੇ ਸਵੀਪ (ਸਿਸਟੇਮੈਟਿਕ ਵੋਟਰਸ ਐਜੂਕੇਸ਼ਨ ਐਂਡ ਇਲੈਕਟੋ-ਰਲ ਪਾਰਟੀਸਪੇਸ਼ਨ) ਅਧੀਨ ਇੱਕ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿੱਚ ਕਾਲਜ ਦੇ




ਸਾਰੇ ਹੀ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਭਾਗ ਲਿਆ।ਇਸ ਸੈਮੀਨਾਰ ਵਿੱਚ ਚੋਣ ਕਮਿਸ਼ਨ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਰਿਸੋਰਸ ਪਰਸਨ ਅੰਗਰੇਜ਼ ਸਿੰਘ ਜੀ ਵਿਦਿਆਰਥੀਆਂ ਦੇ ਰੂਬਰੂ ਹੋਏ ਅਤੇ ਉਹਨਾਂ ਨੂੰ ਵੋਟ ਦੇ ਮਹੱਤਵ ਬਾਰੇ ਅਤੇ ਨਵੀਂ ਵੋਟ ਬਣਾਉਣ ਵਾਸਤੇ ਪ੍ਰੇਰਨਾ ਦਿੱਤੀ। ਇਸ ਮੌਕੇ ਤੇ ਬੋਲਦੇ ਹੋਏ ਉਹਨਾਂ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਨਵੀਆਂ ਵੋਟਾਂ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ ਜਿਸ ਅਧੀਨ ਹਰ ਪੋਲਿੰਗ ਬੂਥ ਦੇ ਬੂਥ ਲੈਵਲ ਅਫਸਰ ਵੱਲੋਂ ਨਵੀਆਂ ਵੋਟਾਂ ਬਣਾਈਆਂ ਜਾ ਰਹੀਆਂ ਹਨ। ਜਿਹੜੇ ਵਿਅਕਤੀ ਦੀ ਉਮਰ 1 ਜਨਵਰੀ 2027 ਨੂੰ 18 ਸਾਲ ਜਾਂ ਇਸ ਤੋਂ ਵੱਧ ਹੋ ਜਾਵੇਗੀ ਉਸਦੀ ਵੋਟ ਹੁਣ ਬਣਾਈ ਜਾ ਸਕਦੀ ਹੈ। ਉਹਨਾਂ ਨੇ ਇਹ ਵੀ ਦੱਸਿਆ ਕਿ ਵੋਟ ਬਣਾਉਣ ਦਾ ਮਹੱਤਵ ਕੇਵਲ ਵੋਟ ਪਾਉਣਾ ਹੀ ਨਹੀਂ ਸਗੋਂ ਇਹ ਵਿਅਕਤੀ ਲਈ ਇੱਕ ਪਛਾਣ ਦਾ ਸਾਧਨ ਵੀ ਬਣਦਾ ਹੈ ਅਤੇ ਕਈ ਦਫਤਰੀ ਕੰਮਾਂ ਵਿੱਚ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ।

# ਚੜਦੀ ਕਲ੍ਹਾ ਵਜ਼ੀਫੇ ਦੇ ਪੇਪਰ ਲਈ ਵਿਦਿਆਰਥੀਆਂ ਵਿੱਚ ਖੁਸ਼ੀ ਦੀ ਲਹਿਰ।

ਅਨੰਦਪੁਰ ਸਾਹਿਬ
ਅਰਵਿੰਦਰ ਸਿੰਘ ਬਿੰਦੀ
ਕੇਅਰ ਵੰਨ ਕੇਅਰ ਆਲ ਗਰੁੱਪ ਪੰਜਾਬ ਆਸਟ੍ਰੇਲੀਆ ਅਤੇ ਮਾਤਾ ਜੀਤੋ ਜੀ ਜੱਚਾ ਬੱਚਾ ਸੰਸਥਾ ਭਾਰਤ ਪੰਜਾਬ ਵਲੋਂ ਸਹਿਯੋਗੀਆਂ ਦੇ ਸਹਿਯੋਗ ਨਾਲ ਲੋਕ ਭਲਾਈ ਦੇ ਖੇਤਰ ਵਿੱਚ ਕਈ ਮਹੱਤਵਪੂਰਨ ਕੰਮ ਕੀਤੇ ਜਾ ਰਹੇ ਹਨ ।ਬੇਰੁਜ਼-ਗਾਰਾਂ ਨੂੰ ਰੁਜ਼ਗਾਰ ਲਈ ਸਹਾਇਤਾ ਲੋੜਵੰਦ ਪਰਿਵਾਰਾਂ ਅਤੇ ਵਿਧਵਾ ਔਰਤਾਂ ਨੂੰ ਮਹੀਨਾਵਾਰ ਰਾਸ਼ਨ, ਫ੍ਰੀ ਡਿਸਪੈਂਸਰੀ ਅਤੇ ਮੈਡੀਕਲ ਕੈਂਪ, ਫ੍ਰੀ ਕੰਪਿਊਟਰ ਕੋਰਸ, ਸਿਲਾਈ ਸੈਂਟਰ ਲੜਕੀਆਂ ਨੂੰ ਸਵੈ ਰੁਜ਼ਗਾਰ ਤਹਿਤ ਸਿਲਾਈ/ ਕਟਾਈ ਅਤੇ ਘਢਾਈ ਦਾ ਫ੍ਰੀ ਕੋਰਸ, ਪਿੰਡਾਂ ਅਤੇ ਕਸਬਿਆਂ ਵਿੱਚ ਓਪਨ ਟਿਊਸ਼ਨ ਸਕੂਲ ਅਤੇ ਕੋਚਿੰਗ ਸੈਂਟਰ ਖੋਲੇ ਜਾ ਰਹੇ ਹਨ। ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਵੱਲ ਕਰਨ ਦੇ ਲਈ ਸੰਸਥਾ ਨੇ ਚੜ੍ਹਦੀ ਕਲਾ ਵਜ਼ੀਫਾ ਸਕੀਮ 2024 ਵਿੱਚ ਜ਼ਿਲਾ ਰੋਪੜ ਵਿੱਚ ਸ਼ੁਰੂ ਕੀਤੀ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਾਤਾ ਜੀਤੋ ਜੀ ਸੰਸਥਾ ਦੇ ਪ੍ਰਧਾਨ ਮੈਡਮ ਹਰਜੀਤ







ਕੌਰ ਨੇ ਦੱਸਿਆ ਕਿ ਕੇਅਰ ਵੰਨ ਕੇਅਰ ਆਲ ਗਰੁੱਪ ਦੇ ਬਾਨੀ ਡਾਕਟਰ ਪਰਮਜੀਤ ਸਿੰਘ ਜੀ ਵਲੋਂ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੇਣ ਦੇ ਲਈ ਪਹਿਲੇ ਸਾਲ 60 ਸਕੂਲਾਂ ਦੇ 330 ਵਿਦਿਆਰਥੀਆਂ ਦਾ ਲਿਖਤੀ ਪੇਪਰ ਲੈ ਕੇ ਉਹਨਾਂ ਨੂੰ ਇਕ ਲੱਖ ਰੁਪਏ ਦਾ ਵਜੀਫਾ ਜਾਰੀ ਕੀਤਾ ਗਿਆ ਸੀ। 2025 ਵਿੱਚ ਸਕੀਮ ਦਾ ਵਿਸਥਾਰ ਕਰਦੇ ਹੋਏ 80 ਸਕੂਲਾਂ ਦੇ 650 ਵਿਦਿਆਰ-ਥੀਆਂ ਨੂੰ ਚੜ੍ਹਦੀ ਕਲ੍ਹਾ ਵਜ਼ੀਫ਼ਾ ਦਿੱਤਾ ਗਿਆ। ਇਸ ਸਾਲ ਸੰਸਥਾ ਵੱਲੋਂ ਪਹਿਲੀ ਵਾਰ ਇਹ ਸਕੀਮ ਜ਼ਿਲ੍ਹਾ ਲੁਧਿਆਣਾ ਪਿੰਡ ਸਰਾਭਾ ਮਹਾਨ ਆਜ਼ਾਦੀ ਘੁਲਾਟੀਏ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਨੂੰ ਨਮਨ ਕਰਦੇ ਹੋਏ ਇਸ ਚੜ੍ਹਦੀ ਕਲ੍ਹਾ ਵਜ਼ੀਫਾ ਸਕੀਮ ਦਾ ਪੂਰੇ ਪੰਜਾਬ ਵਿੱਚ ਦੇਣ ਦਾ ਆਗਾਜ ਕਰਦੇ ਹੋਏ ਉਥੋਂ ਦੇ 27 ਸਕੂਲ ਅਤੇ 205 ਦੇ ਕਰੀਬ ਵਿਦਿਆਰਥੀਆਂ ਦਾ ਸਰਕਾਰੀ ਪ੍ਰਾਇਮਰੀ ਸਕੂਲ ਅੱਬੂਵਾਲ ਵਿਖੇ 18 ਅਕਤੂਬਰ 2026 ਨੂੰ ਪੇਪਰ ਅਤੇ ਇੰਟਰਵਿਊ ਲਿਆ ਗਿਆ। ਅਤੇ ਸ੍ਰੀ ਅਨੰਦਪੁਰ ਸਾਹਿਬ ਜ਼ਿਲ੍ਹਾ ਰੋਪੜ ਦੇ ਇਸ ਸਾਲ 100 ਸਕੂਲਾਂ ਦੇ ਵਿਦਿਆਰਥੀਆਂ ਨੂੰ ਸਕੋਲਰਸ਼ਿਪ ਜਮਾਤ ਪੰਜਵੀਂ ,ਅੱਠਵੀਂ, ਦਸਵੀਂ, ਬਾਰਵੀਂ ਦੇ ਲਈ ਇਮਤਿਹਾਨ 25-10-2026 ਦਿਨ ਐਤਵਾਰ ਨੂੰ ਰੱਖਿਆ ਗਿਆ ਹੈ। ਇਸ ਟੈਸਟ ਦੇ ਲਈ ਚਾਰ ਸੈਂਟਰ ਬਣਾਏ ਗਏ ਹਨ। ਇਹ ਸੈਂਟਰ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਕੀਰਤਪੁਰ ਸਾਹਿਬ, ਸਰਕਾਰੀ ਹਾਈ ਸਮਾਰਟ ਸਕੂਲ ਚੰਦਪੁਰ ਬੇਲਾ, ਸੀਨੀਅਰ ਸੈਕੰਡਰੀ ਖਾਲਸਾ ਸਕੂਲ ਸ੍ਰੀ ਅਨੰਦਪੁਰ ਸਾਹਿਬ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭਲਾਣ ਬਣਾਏ ਗਏ ਹਨ। ਇਹਨਾਂ ਸੈਂਟਰਾਂ ਵਿੱਚ 700 ਦੇ ਕਰੀਬ ਬੱਚਿਆਂ ਦਾ ਪੇਪਰ ਲਿਆ ਜਾਵੇਗਾ। ਅਤੇ ਜੋ ਵਿਦਿਆਰਥੀ ਟੈਸਟ ਵਿੱਚ ਪਾਸ ਹੋਣਗੇ ਉਹਨਾਂ ਨੂੰ ਵਜ਼ੀਫਾ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਅਤੇ ਪੜ੍ਹਾਈ ਦੇ ਖੇਤਰ ਵਿੱਚ ਯੋਗਦਾਨ ਪਾਇਆ ਜਾਵੇਗਾ । ਇਹਨਾਂ ਸਾਰੇ ਪ੍ਰੋਜੈਕਟਾਂ ਦੇ ਲਈ ਪ੍ਰਿੰਸੀਪਲ ਸ਼ਰਨਜੀਤ ਸਿੰਘ, ਐਨਸੀਸੀ ਅਫਸਰ ਰਣਜੀਤ ਸਿੰਘ, ਸੁਰਜੀਤ ਸਿੰਘ ਨਾਨੋਵਾਲ, ਪ੍ਰਿੰਸੀਪਲ ਸ਼ਿਖਾ ਅਰੋੜਾ ਮੈਮ ,ਹੈਡਮਾਸਟਰ ਸਰਦਾਰ ਮਲਕੀਤ ਸਿੰਘ ਚੰਦਪੁਰ ਬੇਲਾ, ਸੁਸ਼ੀਲ ਕੁਮਾਰ ਪ੍ਰਿੰਸੀਪਲ ਭਲਾਂਣ, ਸਰਦਾਰ ਸਰਦੂਲ ਸਿੰਘ, ਸਰਦਾਰ ਜਗਤਾਰ ਸਿੰਘ ਦਹਿਣੀ ਅਤੇ ਸਮੂਹ ਕਮੇਟੀ ਮੈਂਬਰ ਤੇ ਸਟਾਫ ਦਾ ਸੰਸਥਾ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ।

# ਪਿੰਡ ਠਰੋਲੀ ਦੀਆਂ ਸਮੱਸਿਆਵਾਂ ਨੂੰ ਲੈ ਕੇ ਸੁੰਦਰ ਸ਼ਾਮ ਅਰੋੜਾ ਨੇ ਪਿੰਡ ਵਾਸੀਆਂ ਨਾਲ ਕੀਤੀ ਮੀਟਿੰਗ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 23 ਅਕਤੂਬਰ
ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਪਿੰਡ ਠਰੋਲੀ ਵਿਖੇ ਪਿੰਡ ਵਾਸੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਦੌਰਾਨ ਪਿੰਡ ਵਾਸੀਆਂ ਨੇ ਵਿਕਾਸ ਕਾਰਜਾਂ ਵਿੱਚ ਹੋ ਰਹੀ ਦੇਰੀ ਅਤੇ ਬੁਨਿਆਦੀ ਸਹੂਲਤਾਂ ਦੀ ਘਾਟ 'ਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਮਿਊਨਿਟੀ ਸੈਂਟਰ ਦੀ ਉਸਾਰੀ, ਛੱਪੜ ਦੀ ਚਾਰਦੀਵਾਰੀ ਅਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਪ੍ਰਮੁੱਖਤਾ ਨਾਲ ਉਠਾਇਆ।

ਪਿੰਡ ਵਾਸੀਆਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪਿੰਡ ਵਿੱਚ ਕਮਿਊਨਿਟੀ ਸੈਂਟਰ ਦੀ ਉਸਾਰੀ ਲਈ 7 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਗਿਆ ਸੀ, ਪਰ ਛੇ ਮਹੀਨੇ ਪਹਿਲਾਂ ਜੰਗਲਾਤ ਕਮੇਟੀ ਰਾਹੀਂ ਸਿਰਫ਼ 50 ਹਜ਼ਾਰ ਰੁਪਏ ਹੀ ਮਿਲੇ। ਉਨ੍ਹਾਂ ਬਾਕੀ ਗ੍ਰਾਂਟ ਜਾਰੀ ਕਰਨ ਅਤੇ ਕਮਿਊਨਿਟੀ ਸੈਂਟਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਉਣ ਦੀ ਮੰਗ ਕੀਤੀ।

ਇਸ ਤੋਂ ਇਲਾਵਾ ਪਿੰਡ ਦੇ ਛੱਪੜ ਦੇ ਆਲੇ-ਦੁਆਲੇ ਚਾਰਦੀਵਾਰੀ ਕਰਨ ਅਤੇ ਸੁਰੱਖਿਆ ਲਈ ਜਾਲ ਲਗਾਉਣ ਦਾ ਕੰਮ ਵੀ ਅਧੂਰਾ ਪਿਆ ਹੈ। ਪਿੰਡ ਵਾਸੀਆਂ ਨੇ ਇਸ ਕੰਮ ਨੂੰ ਜਲਦੀ ਮੁਕੰਮਲ ਕਰਵਾਉਣ ਦੀ ਮੰਗ ਕੀਤੀ, ਤਾਂ ਜੋ ਕਿਸੇ ਅਣਸੁਖਾਵੀਂ ਘਟਨਾ ਦੇ ਖ਼ਤਰੇ ਨੂੰ ਟਾਲਿਆ ਜਾ ਸਕੇ।

ਪੀਣ ਵਾਲੇ ਪਾਣੀ ਦੀ ਸਮੱਸਿਆ ਬਾਰੇ ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਵਿੱਚ ਡੱਲੇਵਾਲ ਸਥਿਤ ਸਰਕਾਰੀ ਟਿਊਬਵੈੱਲ ਰਾਹੀਂ ਪਾਣੀ ਦੀ ਸਪਲਾਈ ਹੁੰਦੀ ਹੈ। ਮੋਟਰ ਖ਼ਰਾਬ ਹੋਣ 'ਤੇ ਪੰਜ ਤੋਂ ਛੇ ਦਿਨਾਂ ਤੱਕ ਪਾਣੀ ਦੀ ਕਿੱਲਤ ਬਣੀ ਰਹਿੰਦੀ ਹੈ, ਜਿਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਪਾਣੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਲਈ ਪੱਕੇ ਪ੍ਰਬੰਧ ਕਰਨ ਦੀ ਮੰਗ ਕੀਤੀ।

ਸੁੰਦਰ ਸ਼ਾਮ ਅਰੋੜਾ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ 'ਤੇ ਪਿੰਡ ਠਰੋਲੀ ਦੇ ਛੱਪੜ ਅਤੇ ਪੀਣ ਵਾਲੇ ਪਾਣੀ ਨਾਲ ਸਬੰਧਤ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਦੇ ਯਤਨ ਕੀਤੇ ਜਾਣਗੇ।

ਇਸ ਮੌਕੇ ਲਵਕੇਸ਼ ਕੁਮਾਰ ਮੰਡਲ ਪ੍ਰਧਾਨ, ਨਿਰਮਲ ਕੁਮਾਰ, ਬਲਵਿੰਦਰ ਕੁਮਾਰ, ਕੇਵਲ ਕੁਮਾਰ, ਧਨੀ ਰਾਮ, ਜੈ ਰਾਮ ਨੰਬਰਦਾਰ, ਵਿਸ਼ਾਲ ਕੁਮਾਰ ਬਲਾਕ ਸੰਮਤੀ ਮੈਂਬਰ, ਡਾ. ਕੁਲਦੀਪ ਸਿੰਘ ਬਲਾਕ ਪ੍ਰਧਾਨ ਦਿਹਾਤੀ, ਕੈਪਟਨ ਕਰਮ ਚੰਦ ਉਪ ਪ੍ਰਧਾਨ, ਰਾਮ ਜੀ ਦਾਸ ਸਾਬਕਾ ਸਰਪੰਚ, ਬਲਵਿੰਦਰ ਭੱਟੀ ਸਾਬਕਾ ਸਰਪੰਚ, ਰਾਕੇਸ਼ ਸੈਣੀ ਸਮੇਤ ਹੋਰ ਪਿੰਡ ਵਾਸੀ ਹਾਜ਼ਰ ਸਨ।

# ਵਿਜੀਲੈਂਸ ਵੱਲੋਂ ਪਟਵਾਰਖਾਨੇ ਦੀਆਂ ਖਾਮੋਸ਼ ਕੰਧਾਂ ਪਿੱਛੇ ਛੁਪਿਆ ਰਿਸ਼ਵਤ ਦਾ ਕਾਲਾ ਸੱਚ ਬੇਪਰਦ

ਸਾਂਝੀ ਖ਼ਬਰ

**ਮਾਮਲਾ ਪਟਵਾਰੀ ਦੇ ਕਰਿੰਦੇ ਦੀ ਗ੍ਰਿਫਤਾਰੀ ਦਾ**

ਅਸ਼ੋਕ ਵਰਮਾ
ਬਠਿੰਡਾ , 23 ਅਕਤੂਬਰ

ਵਿਜੀਲੈਂਸ ਵੱਲੋਂ 30 ਹਜ਼ਾਰ ਰੁਪਏ ਕਥਿਤ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਮਾਲ ਹਲਕਾ ਚਾਉਕੇ , ਤਹਿਸੀਲ ਮੌੜ , ਜ਼ਿਲ੍ਹਾ ਬਠਿੰਡਾ ਦੇ ਪਟਵਾਰੀ ਮਨਿੰਦਰ ਸਿੰਘ ਦੇ ਨਿੰਜੀ ਸਹਾਇਕ ਪ੍ਰਿਤਪਾਲ ਸਿੰਘ ਦੇ ਮਾਮਲੇ ’ਚ ਮੁਦਈ ਪ੍ਰਿਤਪਾਲ ਸਿੰਘ ਨੇ ਕਦੇ ਸੁਫਨੇ ਵਿੱਚ ਵੀ ਨਹੀਂ ਸੋਚਿਆ ਹੋਣਾ ਕਿ ਜਿਸ ਜਮੀਨ ਨੂੰ ਉਹ ਖਰੀਦ ਰਿਹਾ ਹੈ ਉਹ ਉਸ ਨੂੰ ਇੱਕ ਦਿਨ ਕਾਨੂੰਨ ਦੀਆਂ ਬਰੂਹਾਂ ’ਤੇ ਲਿਜਾ ਖੜ੍ਹਾਏਗੀ। ਦਰਅਸਲ ਇਸ ਕਹਾਣੀ ਦਾ ਮੁੱਢ ਸਾਲ 2002 ਤੋਂ ਬੱਝਦਾ ਹੈ ਜਦੋਂ ਬਰਨਾਲਾ ਜ਼ਿਲ੍ਹੇ ਦੇ ਪਿੰਡ ਠੀਕਰੀਵਾਲਾ ਦੇ ਇੱਕ ਪਰਿਵਾਰ ਨੇ ਪਿੰਡ ਚਾਉਕੇ ਵਿੱਚ ਮਿਹਨਤ ਦੀ ਕਮਾਈ ਨਾਲ ਜ਼ਮੀਨ ਖਰੀਦੀ ਸੀ। ਮੁਦਈ ਪ੍ਰਿਤਪਾਲ ਸਿੰਘ ਅਤੇ ਉਸ ਦੇ ਭੈਣ ਭਰਾਵਾਂ ਨੂੰ ਆਸ ਸੀ ਕਿ ਹੁਣ ਉਹ ਆਪਣੀ ਜਮੀਨ ਦੇ ਸਿਰ ਦੇ ਸਿਰ ’ਤੇ ਹੋਰ ਵੀ ਤਰੱਕੀ ਕਰਨਗੇ ਪਰ ਉਨ੍ਹਾਂ ਲਈ ਤਾਂ ਜਮੀਨ ਨਾਮ ਕਰਵਾਉਣ ਦਾ ਸੰਤਾਪ ਭੋਗਣਾ ਪੈ ਗਿਆ।

ਇਸ ਦੌਰਾਨ ਵਕਤ ਦਾ ਪਹੀਆ ਆਪਣੀ ਰਸ ਤੋਰੇ ਤੁਰਦਾ ਗਿਆ ਪਰ ਸਰਕਾਰੀ ਵਹੀ ਖਾਤਿਆਂ ਵਿਚਲਾ ਕਾਗਜ਼ਾਂ ਦਾ ਜਾਲ ਐਸਾ ਉਲਝਿਆ ਕਿ ਮਾਲ ਰਿਕਾਰਡ ਵਿੱਚ ਇਹ ਜਮੀਨ ਪ੍ਰਿਤਪਾਲ ਸਿੰਘ ਆਦਿ ਦੇ ਨਾਮ ਨਾਂ ਚੜ੍ਹ ਸਕੀ। ਹਾਲਾਂਕਿ ਪਟਵਾਰੀ ਦੇ ਕਰਿੰਦੇ ਦੀ ਗ੍ਰਿਫਤਾਰੀ ਤੋਂ ਬਾਅਦ ਕੋਈ ਕਾਰਵਾਈ ਕੀਤੀ ਗਈ ਹੋਵੇ ਤਾਂ ਇਸ ਸਬੰਧੀ ਜਾਣਕਾਰੀ ਨਹੀਂ ਮਿਲ ਸਕੀ ਪਰ ਇਸ ਤੋਂ ਪਹਿਲਾਂ ਤੱਕ ਜਮੀਨ ਦਾ ਖਾਤਾ ਅਸਲੀ



ਮਾਲਕਾਂ ਦੀ ਬਜਾਏ ਪਿਛਲੇ ਵੇਚਣ ਵਾਲੇ ਦਾ ਨਾਮ ਹੀ ਚੱਲ ਰਿਹਾ ਸੀ। ਜਦੋਂ ਪ੍ਰਿਤਪਾਲ ਨੇ ਇਸ ਗ਼ਲਤੀ ਨੂੰ ਠੀਕ ਕਰਵਾਉਣ ਲਈ ਹਲਕੇ ਦੇ ਪਟਵਾਰੀ ਮਨਿੰਦਰ ਸਿੰਘ ਨਾਲ ਰਾਬਤਾ ਕੀਤਾ , ਤਾਂ ਅਸਲ ਖੇਡ ਸਾਹਮਣੇ ਆਈ। ਪਟਵਾਰੀ ਨੇ ਖ਼ੁਦ ਸਾਹਮਣੇ ਆਉਣ ਦੀ ਬਜਾਏ ਆਪਣਾ ਖਾਸਮ ਖਾਸ ਪ੍ਰਾਈਵੇਟ ਕਰਿੰਦਾ ਪ੍ਰਿਤਪਾਲ ਸਿੰਘ ਅੱਗੇ ਕਰ ਦਿੱਤਾ। ਪ੍ਰਿਤਪਾਲ ਸਿੰਘ ਦਾ ਜਮੀਨੀ ਰਿਕਾਰਡ ਦਰੁਸਤ ਕਰਨ ਬਦਲੇ ਕਰਿੰਦੇ ਵੱਲੋਂ ਕਥਿਤ ਤੌਰ ’ਤੇ ਡੇਢ ਲੱਖ ਰੁਪਏ ਰਿਸ਼ਵਤ ਵਜੋਂ ਮੰਗੇ ਗਏ।

ਵਿਜੀਲੈਂਸ ਅਨੁਸਾਰ ਜਦੋਂ ਸ਼ਿਕਾਇਤਕਰਤਾ ਆਪਣੇ ਮਸਲੇ ਦਾ ਹੱਲ ਕਰਵਾਉਣ ਦੇ ਸਬੰਧ ਵਿੱਚ ਪਟਵਾਰੀ ਮਨਿੰਦਰ ਸਿੰਘ ਦੇ ਦਫ਼ਤਰ ਗਿਆ, ਤਾਂ ਕਰਿੰਦਾ ਪ੍ਰਿਤਪਾਲ ਸਿੰਘ ਉਸ ( ਸ਼ਕਾਇਤ ਕਰਨ ਵਾਲੇ ਪ੍ਰਿਤਪਾਲ ਸਿੰਘ ) ਨੂੰ ਖਿੱਚ ਕੇ ਦਫ਼ਤਰ ਦੀ ਇਮਾਰਤ ਦੇ ਪਿੱਛੇ ਇੱਕ ਕੋਨੇ ਵਿੱਚ ਲੈ ਗਿਆ। ਵਿਜੀਲੈਂਸ ਅਨੁਸਾਰ ਉੱਥੇ ਖੜ੍ਹੇ-ਖੜ੍ਹੇ ਹੀ ਮੁਲਜਮ ਕਰਿੰਦੇ ਪ੍ਰਿਤਪਾਲ ਸਿੰਘ ਨੇ ਸ਼ਕਾਇਤਕਰਤਾ ਦੀ ਪਟਵਾਰੀ ਮਨਿੰਦਰ ਸਿੰਘ ਨਾਲ ਫ਼ੋਨ ’ਤੇ ਗੱਲ ਕਰਵਾਈ । ਇਸ ਗੱਲਬਾਤ ਦੌਰਾਨ ਜਮੀਨ ਦੇ ਰਿਕਾਰਡ ਨੂੰ ਦਰੁਸਤ ਕਰਨ ਲਈ ਸੌਦਾ ਇੱਕ ਲੱਖ ਚਾਲੀ ਹਜ਼ਾਰ ਵਿੱਚ ਪੱਕਾ ਹੋ ਗਿਆ।

ਵਿਜੀਲੈਂਸ ਮੁਤਾਬਕ ਪਹਿਲਾਂ ਮੌਕੇ ’ਤੇ ਕੁੱਝ ਪੈਸਾ ਲੈ ਲਿਆ ਗਿਆ ਅਤੇ ਬਾਕੀ ਰਕਮ ਵਸੂਲਣ ਵਾਸਤੇ ਅਗਲਾ ਦਿਨ ਯਾਨੀਕਿ 22 ਅਕਤੂਬਰ 2026 ਤਰੀਕ ਤੈਅ ਕਰ ਦਿੱਤੀ ਗਈ। ਸੂਤਰ ਦੱਸਦੇ ਹਨ ਕਿ ਪਟਵਾਰੀ ਤੇ ਕਰਿੰਦਾ ਸੌਦਾ ਹੋਣ ’ਤੇ ਕਾਫੀ ਹੌਂਸਲੇ ’ਚ ਸਨ ਪਰ ਇਸ ਵਾਰ ਖਿਡਾਰੀਆਂ ਦੀ ਗ਼ਲਤ ਬੰਦੇ ਨਾਲ ਟੱਕਰ ਹੋ ਗਈ ਸੀ।

**ਵਿਜੀਲੈਂਸ ਨੇ ਵਿਛਾਇਆ ਜਾਲ**

ਪਿਛੇ ਕਈ ਸਾਲਾਂ ਤੋਂ ਜਮੀਨ ਆਪਣੇ ਨਾਮ ਨਾਂ ਹੋਣ ਦਾ ਦਰਦ ਹੰਢਾ ਰਹੇ ਪੀੜਤ ਪ੍ਰਿਤਪਾਲ ਸਿੰਘ ਨੇ ਰਿਸ਼ਵਤ ਨਾਂ ਦੇਣ ਦਾ ਫੈਸਲਾ ਕਰ ਲਿਆ ਅਤੇ ਸਿੱਧਾ ਵਿਜੀਲੈਂਸ ਬਿਊਰੋ ਬਠਿੰਡਾ ਦੇ ਦਫਤਰ ਪੁੱਜ ਗਿਆ। ਸੂਤਰਾਂ ਮੁਤਾਬਕ ਵਿਜੀਲੈਂਸ ਅਧਿਕਾਰੀਆਂ ਨੇ ਮਾਮਲੇ ਦੀ ਮੁਢਲੀ ਛਾਣਬੀਣ ਤੋਂ ਬਾਅਦ ਆਪਣੀ ਯੋਜਨਾ ਤਿਆਰ ਕਰਕੇ ਜਾਲ ਵਿਛਾ ਲਿਆ। ਜਿਵੇਂ ਹੀ ਤੈਅ ਕੀਤੇ ਦਿਨ ਅਤੇ ਸਮੇਂ ’ਤੇ ਪਟਵਾਰੀ ਮਨਿੰਦਰ ਸਿੰਘ ਦਾ ਨਿੱਜੀ ਕਰਿੰਦਾ ਪ੍ਰਿਤਪਾਲ ਰਿਸ਼ਵਤ ਦੀ ਅਗਲੀ ਕਿਸ਼ਤ ਫੜਨ ਲਈ ਅੱਗੇ ਵਧਿਆ ਤਾਂ ਵਿਜੀਲੈਂਸ ਅਧਿਕਾਰੀਆਂ ਨੇ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਉਸ ਨੂੰ 30 ਹਜ਼ਾਰ ਰੁਪਏ ਲੈਂਦਿਆਂ ਰੰਗੇ ਹੱਥੀਂ ਦਬੋਚ ਲਿਆ।

**ਵਿਜੀਲੈਂਸ ਵੱਲੋਂ ਤਫਤੀਸ਼ ਸ਼ੁਰੂ**

ਪਟਵਾਰਖਾਨੇ ’ਚ ਚੱਲ ਰਹੀ ਇਸ ਕਾਲੀ ਖੇਡ੍ਹ ਦਾ ਪਰਦਾਫਾਸ਼ ਕਰਨ ਤੋਂ ਬਾਅਦ ਵਿਜੀਲੈਂਸ ਨੇ ਇਸ ਸਬੰਧ ਵਿੱਚ ਮੁਲਜਮ ਪ੍ਰਿਤਪਾਲ ਸਿੰਘ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਵਿਖੇ ਮਾਮਲਾ ਦਰਜ ਕਰਨ ਤੋਂ ਬਾਅਦ ਅਗਲੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਸੂਤਰ ਆਖਦੇ ਹਨ ਕਿ ਵਿਜੀਲੈਂਸ ਵੱਲੋਂ ਹੁਣ ਸਬੰਧਤ ਪਟਵਾਰੀ ਨੂੰ ਇਸ ਮਾਮਲੇ ’ਚ ਨਾਮਜਦ ਕਰਨ ਦੀ ਤਿਲਾਰੀ ਕੀਤੀ ਜਾ ਰਹੀ ਹੈ ਪਰ ਜਾਂਚ ਪ੍ਰਭਾਵਿਤ ਹੋਣ ਦੇ ਡਰੋਂ ਅਫਸਰ ਹਾਲੇ ਕੁੱਝ ਬੋਲਣ ਨੂੰ ਤਿਆਰ ਨਹੀਂ ਹਨ। ਸੂਤਰਾਂ ਨੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਵਿਜੀਲੈਂਸ ਇਹ ਪਤਾ ਲਾਉਣ ’ਚ ਜੁਟ ਗਈ ਹੈ ਕਿ ਕਿਧਰੇ ਇਸ ਦਫਤਰ ’ਚ ਹੋਰਨਾਂ ਲੋਕਾਂ ਦੀ ਰੱਤ ਤਾਂ ਨਹੀਂ ਨਿਚੋੜੀ ਜਾ ਰਹੀ ਹੈ।

**ਕਰਿੰਦੇ ਵਾਲਾ ਗੋਰਖਧੰਦਾ ਪੁਰਾਣਾ**

ਪਟਵਾਰੀ ਮਨਿੰਦਰ ਸਿੰਘ ਵੱਲੋਂ ਨਿੱਜੀ ਕਰਿੰਦਾ ਰੱਖਣ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਬਲਕਿ ਇਹ ਗੋਰਖਧੰਦਾ ਲੰਘੇ ਕਾਫੀ ਸਮੇਂ ਤੋਂ ਚੱਲ ਰਿਹਾ ਹੈ। ਕਈ ਸਾਲ ਪਹਿਲਾਂ ਵੀ ਜਦੋਂ ਵਿਜੀਲੈਂਸ ਨੇ ਪਟਵਾਰਖਾਨੇ ਛਾਪਾ ਮਾਰਿਆ ਸੀ ਤਾਂ ਪਟਵਾਰੀਆਂ ਦੇ ਕਰਿੰਦੇ ਕਾਬੂ ਕੀਤੇ ਗਏ ਸਨ। ਉਸ ਮਾਮਲੇ ਦਾ ਕੀ ਬਣਿਆ ਇਸ ਸਬੰਧੀ ਜਾਣਕਾਰੀ ਤਾਂ ਨਹੀਂ ਮਿਲ ਸਕੀ ਪਰ ਇੱਕ ਪਟਵਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਇਸ ਵਰਤਾਰੇ ਨੂੰ ਮਜਬੂਰੀ ਦੱਸਿਆ ਹੈ। ਇੱਕ ਸੇਵਾਮੁਕਤ ਕਾਨੂੰਗੋ ਦਾ ਕਹਿਣਾ ਸੀ ਕਿ ਬਹੁਤੇ ਪਿੰਡਾਂ ਦੀ ਜਿੰਮੇਵਾਰੀ ਕਾਰਨ ਬਣਦਾ ਕੰਮ ਦਾ ਬੋਝ ਅਤੇ ਵੰਗਾਰ ਪਟਵਾਰੀਆਂ ਨੂੰ ਇਸ ਰਾਹ ਪਾ ਦਿੰਦੀ ਹੈ।

# 79ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦਾ ਸ਼ਾਨਦਾਰ ਆਗਾਜ਼

ਸਾਂਝੀ ਖ਼ਬਰ

**ਪਰਮਾਤਮਾ ਦੇ ਅਹਿਸਾਸ ਨਾਲ ਜਾਗ੍ਰਿਤ ਹੋਵੇ ਮਨੁੱਖੀ ਮਨ- ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ**

ਸਾਬਜੀਤ ਸਿੰਘ ਭੱਟੀ
ਸਮਾਲਖਾ, 23 ਅਕਤੂਬਰ

“ਅਸਲ ਜਾਗ੍ਰਿਤੀ ਉਦੋਂ ਆਉਂਦੀ ਹੈ, ਜਦੋਂ ਮਨੁੱਖ ਹਰ ਪਲ ਪਰਮਾਤਮਾ ਦੀ ਮੌਜੂਦਗੀ ਦਾ ਅਹਿਸਾਸ ਕਰਦਿਆਂ ਅਧਿਆਤ-ਮਿਕਤਾ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਦਾ ਹੈ।” ਇਹ ਪ੍ਰੇਰਨਾ-ਦਾਇਕ ਉਦਗਾਰ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ 79ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦੇ ਪਹਿਲੇ ਦਿਨ ‘ਮਾਨਵਤਾ ਦੇ ਨਾਮ ਸੰਦੇਸ਼’ ਦੌਰਾਨ ਪ੍ਰਗਟ ਕੀਤੇ।

23 ਤੋਂ 26 ਅਕਤੂਬਰ ਤੱਕ ਆਯੋਜਿਤ ਇਸ ਚਾਰ ਰੋਜ਼ਾ ਸੰਤ ਸਮਾਗਮ ਦਾ ਸ਼ੁਭ ਆਰੰਭ ਪਰਮ ਸਤਿਕਾਰਯੋਗ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦੀ ਪਾਵਨ ਛਤਰਛਾਇਆ ਹੇਠ ਸ਼ਰਧਾ ਅਤੇ ਅਧਿਆਤਮਿਕ ਉਤਸ਼ਾਹ ਨਾਲ ਹੋਇਆ। ਇਸ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਸ਼ਰਧਾਲੂ ਭਗਤਾਂ ਨੇ ਸ਼ਮੂਲੀਅਤ ਕਰਕੇ ਸਤਿਗੁਰੂ ਦੇ ਦਿਵਯ ਦਰਸ਼ਨਾਂ ਅਤੇ ਪਾਵਨ ਸੰਦੇਸ਼ਾਂ ਦਾ ਲਾਭ ਪ੍ਰਾਪਤ ਕੀਤਾ।

ਸੰਤ ਸਮਾਗਮ ਦੇ ਪਹਿਲੇ ਦਿਨ ‘ਮਾਨਵਤਾ ਦੇ ਨਾਮ ਸੰਦੇਸ਼’ ਵਿੱਚ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਫ਼ਰਮਾਇਆ ਕਿ ਦੇਸ਼-ਵਿਦੇਸ਼ ਤੋਂ ਸੰਤ-ਮਹਾਪੁਰਸ਼ਾਂ ਦੇ ਇਕੱਠੇ ਹੋਣ ਦਾ ਮੁੱਖ ਉਦੇਸ਼ ਮਨੁੱਖੀ ਮਨ ਵਿੱਚ ਅਧਿਆਤਮਿਕ ਜਾਗ੍ਰਿਤੀ ਨੂੰ ਕਾਇਮ ਰੱਖਣਾ ਹੈ, ਤਾਂ ਜੋ ਜੀਵਨ ਦੇ ਹਰ ਪਲ ਨੂੰ ਪੂਰਨ ਚੇਤਨਾ ਅਤੇ ਪਰਮਾਤਮਾ ਦੇ




ਅਹਿਸਾਸ ਨਾਲ ਜੀਵਿਆ ਜਾ ਸਕੇ।

ਸਤਿਗੁਰੂ ਮਾਤਾ ਜੀ ਨੇ ਸਮਝਾਇਆ ਕਿ ਹਰੇਕ ਵਿਅਕਤੀ ਨੂੰ ਆਪਣੇ ਘਰ, ਪਰਿਵਾਰ, ਸਮਾਜ ਅਤੇ ਦੇਸ਼ ਪ੍ਰਤੀ ਆਪਣੇ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਨੂੰ ਪੂਰੀ ਨਿਸ਼ਠਾ ਨਾਲ ਨਿਭਾਉਂਦਿਆਂ ਇੱਕ ਜਾਗਰੂਕ ਵਿਸ਼ਵ ਨਾਗਰਿਕ ਬਣਨਾ ਚਾਹੀਦਾ ਹੈ। ਜਾਤ-ਪਾਤ, ਭਾਸ਼ਾ, ਖੇਤਰ ਜਾਂ ਸੁਭਾਅ ਦੇ ਅੰਤਰਾਂ ਤੋਂ ਉੱਪਰ ਉੱਠ ਕੇ ਹਰੇਕ ਇਨਸਾਨ ਨੂੰ ਪਿਆਰ, ਸਤਿਕਾਰ ਅਤੇ ਅਪਣੱਤ ਦੀ ਭਾਵਨਾ ਨਾਲ ਸਵੀਕਾਰ ਕਰਨਾ ਹੀ ਸੱਚੀ ਮਾਨਵਤਾ ਹੈ।

ਸਤਿਗੁਰੂ ਮਾਤਾ ਜੀ ਨੇ ਅੱਗੇ ਫ਼ਰਮਾਇਆ ਕਿ ਅਸਲ ਅਧਿਆ-ਤਮਿਕ ਜਾਗ੍ਰਿਤੀ ਕੇਵਲ ਵਿਚਾਰਾਂ ਜਾਂ ਦਿਖਾਵੇ ਤੱਕ ਸੀਮਤ ਨਹੀਂ ਹੁੰਦੀ, ਸਗੋਂ ਇਹ ਸਾਡੇ ਵਿਹਾਰ, ਆਚਰਨ ਅਤੇ ਸਮਾਜਿਕ ਜ਼ਿੰਮੇਵਾਰੀਆਂ ਵਿੱਚ ਵੀ ਪ੍ਰਗਟ ਹੋਣੀ ਚਾਹੀਦੀ ਹੈ। ਇਹ ਜਾਗ੍ਰਿਤੀ ਕਿਸੇ ਇੱਕ ਪਲ ਜਾਂ ਮੌਕੇ ਦੀ ਗੱਲ ਨਹੀਂ, ਬਲਕਿ ਜੀਵਨ ਭਰ ਕਾਇਮ ਰੱਖਣ ਵਾਲੀ ਭਾਵਨਾ ਹੈ। ਹਾਲਾਤ ਭਾਵੇਂ ਕਿਹੋ ਜਿਹੇ ਵੀ ਹੋਣ, ਪਰਮਾਤਮਾ ਦੀ ਰਜ਼ਾ ਨੂੰ ਸਵੀਕਾਰ ਕਰਦਿਆਂ ਹਰ ਪਲ ਨੂੰ ਉਸ ਦੀ ਬਖ਼ਸ਼ਿਸ਼ ਸਮਝ ਕੇ ਖ਼ੁਸ਼ੀ, ਸੰਤੋਖ ਅਤੇ ਸ਼ੁਕਰਾਨੇ ਨਾਲ ਜੀਣਾ ਹੀ ਸੱਚੀ ਅਧਿਆਤਮਿਕਤਾ ਹੈ।

ਸਮਾਗਮ ਸਥਲ ’ਤੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦਾ ਸਵਾਗਤ ਸੰਤ ਨਿਰੰਕਾਰੀ ਮੰਡਲ ਦੇ ਜਨਰਲ ਸਕੱਤਰ ਸ੍ਰੀ ਸੁਖਦੇਵ ਸਿੰਘ ਜੀ ਨੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਅਤੇ ਮੰਡਲ ਦੀ ਪ੍ਰਧਾਨ ਸ੍ਰੀਮਤੀ ਰਾਜਕੁਮਾਰੀ ਜੀ ਨੇ ਫੁੱਲਾਂ ਦਾ ਹਾਰ ਪਹਿਨਾ ਕੇ ਕੀਤਾ। ਇਸੇ ਤਰ੍ਹਾਂ ਨਿਰੰਕਾਰੀ ਰਾਜਪਿਤਾ ਰਮਿਤ ਜੀ ਦਾ ਸਵਾਗਤ ਸ੍ਰੀ ਐੱਸ. ਐੱਲ. ਗਰਗ ਨੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਅਤੇ ਸ੍ਰੀ ਐੱਚ. ਐੱਸ. ਚਾਵਲਾ ਨੇ ਫੁੱਲਾਂ ਦਾ ਹਾਰ ਪਹਿਨਾ ਕੇ ਕੀਤਾ।

ਇਸ ਉਪਰੰਤ ਸਤਿਗੁਰੂ ਮਾਤਾ ਜੀ ਅਤੇ ਨਿਰੰਕਾਰੀ ਰਾਜਪਿਤਾ ਜੀ ਨੂੰ ਫੁੱਲਾਂ ਨਾਲ ਸਜਾਈ ਗਈ ਖੁੱਲ੍ਹੀ ਪਾਲਕੀ ਵਿੱਚ ਬਿਰਾਜਮਾਨ ਕਰਕੇ ਸ਼ਾਨਦਾਰ ਸ਼ੋਭਾ ਯਾਤਰਾ ਦੇ ਰੂਪ ਵਿੱਚ ਸਮਾਗਮ ਪੰਡਾਲ ਦੇ ਵਿਚਕਾਰੋਂ ਹੁੰਦੇ ਹੋਏ ਮੁੱਖ ਮੰਚ ਤੱਕ ਲਿਜਾਇਆ ਗਿਆ। ਇਸ ਮੌਕੇ ਨਿਰੰਕਾਰੀ ਇੰਸਟੀਚਿਊਟ ਆਫ਼ ਮਿਊਜ਼ਿਕ ਐਂਡ ਆਰਟਸ (NIMA) ਦੇ 600 ਤੋਂ ਵੱਧ ਵਿਦਿਆਰਥੀਆਂ ਨੇ ਭਰਤ-ਨਾਟਿਅਮ ਨਾਚ ਅਤੇ ਮਿੱਠੇ ਸੁਆਗਤੀ ਗੀਤ ਦੀ ਪੇਸ਼ਕਾਰੀ ਰਾਹੀਂ ਦਿਵਯ ਯੁਗਲ ਦਾ ਭਾਵਪੂਰ-ਵਕ ਸਵਾਗਤ ਕੀਤਾ।

ਸਤਿਗੁਰੂ ਮਾਤਾ ਜੀ ਅਤੇ ਨਿਰੰਕਾਰੀ ਰਾਜਪਿਤਾ ਜੀ ਦੀ ਪਾਵਨ ਹਜ਼ੂਰੀ ਪ੍ਰਾਪਤ ਕਰਕੇ ਸ਼ਰਧਾਲੂ ਭਗਤ ਭਾਵ-ਵਿਭੋਰ ਹੋ ਉੱਠੇ। ਦਿਵਯ ਯੁਗਲ ਨੇ ਆਪਣੇ ਸਨੇਹਪੂਰਨ ਆਸ਼ੀਰਵਾਦ ਨਾਲ ਸਭ ਨੂੰ ਨਿਹਾਲ ਕੀਤਾ। ਸਮੁੱਚਾ ਵਾਤਾਵਰਣ ਪ੍ਰੇਮ-ਭਗਤੀ ਅਤੇ ਅਧਿਆਤਮਿਕ ਆਨੰਦ ਨਾਲ ਸਰਾਬੋਰ ਹੋ ਗਿਆ। ਵੱਖ-ਵੱਖ ਸੱਭਿਆਚਾਰਾਂ, ਜਾਤਾਂ, ਧਰਮਾਂ ਅਤੇ ਭਾਸ਼ਾਵਾਂ ਨਾਲ ਸਬੰਧਤ ਸ਼ਰਧਾਲੂ ਸਾਰੇ ਭੇਦਭਾਵਾਂ ਤੋਂ ਉੱਪਰ ਉੱਠ ਕੇ ਪਿਆਰ ਅਤੇ ਮਾਨਵ-ਏਕਤਾ ਦੇ ਸੂਤਰ ਵਿੱਚ ਬੱਝੇ ਹੋਏ ਦਿਖਾਈ ਦਿੱਤੇ। ਇਹ ਮਨਮੋਹਕ ਦ੍ਰਿਸ਼ ਸਤਿਗੁਰੂ ਦੇ ਪਿਆਰ, ਸਦਭਾਵਨਾ ਅਤੇ ਵਿਸ਼ਵ-ਭਾਈਚਾਰੇ ਦੇ ਸੰਦੇਸ਼ ਨੂੰ ਸਾਕਾਰ ਕਰ ਰਿਹਾ ਸੀ।

‘ਮਾਨਵਤਾ ਦੇ ਨਾਮ ਸੰਦੇਸ਼’ ਪ੍ਰੋਗਰਾਮ ਦੇ ਸ਼ੁਭ ਆਰੰਭ ਤੋਂ ਪਹਿਲਾਂ ਸਮਾਗਮ ਦੇ ਪਹਿਲੇ ਦਿਨ ਇੱਕ ਵਿਸ਼ੇਸ਼ ਪ੍ਰੈੱਸ ਕਾਨਫ਼ਰੰਸ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਦੇਸ਼ ਭਰ ਤੋਂ ਆਏ ਮੀਡੀਆ ਕਰਮੀਆਂ ਅਤੇ ਪੱਤਰਕਾਰਾਂ ਨੇ ਸ਼ਮੂਲੀਅਤ ਕੀਤੀ ਅਤੇ ਨਿਰੰਕਾਰੀ ਸੰਤ ਸਮਾਗਮ ਦੇ ਆਯੋਜਨ, ਇਸ ਦੀ ਅਧਿਆਤਮਿਕ ਵਿਚਾਰਧਾਰਾ, ਉਦੇਸ਼ਾਂ ਅਤੇ ਲੋਕ-ਭਲਾਈ ਦੇ ਸੰਦੇਸ਼ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ।

ਨਿਰਸੰਦੇਹ, 79ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦਾ ਇਹ ਪਹਿਲਾ ਦਿਨ ਅਧਿਆਤਮਿਕ ਜਾਗ੍ਰਿਤੀ, ਮਾਨਵਤਾ, ਸੇਵਾ ਅਤੇ ਵਿਸ਼ਵ-ਭਾਈਚਾਰੇ ਦੀ ਭਾਵਨਾ ਨੂੰ ਸਮਰਪਿਤ ਰਿਹਾ।




# ਬੇਗਮਪੁਰਾ ਟਾਈਗਰ ਫੋਰਸ ਵੱਲੋਂ ਅਦਾਲਤੀ ਹੁਕਮਾਂ ਦੀ ਉਲੰਘਣਾ ਕਰਨ 'ਤੇ ਤਾਰਾ ਚੰਦ, ਅਸ਼ੋਕ ਸੱਲਣ, ਬਿੱਲਾ ਦਿਓਵਾਲ ਤੇ ਹੋਰਨਾਂ ਖਿਲਾਫ ਕੇਸ ਦਾਇਰ : ਐਡਵੋਕੇਟ ਮਨਮਿਤਿਕਾ

ਸਾਂਝੀ ਖ਼ਬਰ

**ਮਾਮਲਾ ਬੇਗਮਪੁਰਾ ਟਾਈਗਰ ਫੋਰਸ ਦੇ ਨਾਮ ਦੀ ਗੈਰ ਸੰਵਿਧਾਨਿਕ ਦੁਰਵਰਤੋਂ ਕਰਨ ਦਾ**

(ਤਰਸੇਮ ਦੀਵਾਨਾ )
ਹੁਸ਼ਿਆਰਪੁਰ,23 ਅਕਤੂਬਰ

ਬੇਗਮਪੁਰਾ ਟਾਈਗਰ ਫੋਰਸ ਅਤੇ ਇਸਦੇ ਚੇਅਰਮੈਨ ਤਰਸੇਮ ਦੀਵਾਨਾ ਵੱਲੋਂ ਹੁਸ਼ਿਆਰਪੁਰ ਦੀ ਸਿਵਲ ਅਦਾਲਤ ਵਿੱਚ ਮਾਣਯੋਗ ਸ੍ਰੀਮਤੀ ਹਰਜਿੰਦਰ ਕੌਰ, ਸਿਵਲ ਜੱਜ (ਜੂਨੀਅਰ ਡਿਵੀਜ਼ਨ) ਦੀ ਅਦਾਲਤ ਵਿੱਚ ਅਦਾਲਤੀ ਹੁਕਮਾਂ ਦੀ ਜਾਣ-ਬੁੱਝ ਕੇ ਉਲੰਘਣਾ ਕਰਨ ਦੇ ਸਬੰਧ ਵਿੱਚ ਇੱਕ ਕੇਸ ਦਾਇਰ ਕੀਤਾ ਗਿਆ ਹੈ।

ਕੀ ਹੈ ਪੂਰਾ ਮਾਮਲਾ ?

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐਡਵੋਕੇਟ ਮਨਮਿਤਿਕਾ ਨੇ ਦੱਸਿਆ ਕਿ ਪ੍ਰਾਰਥੀ ਵੱਲੋਂ ਅਦਾਲਤ ਵਿੱਚ ਸਿਵਲ ਦਾਅਵਾ ਦਾਇਰ ਕੀਤਾ ਗਿਆ ਹੈ ਕਿ ਬੇਗਮਪੁਰਾ ਟਾਈਗਰ ਫੋਰਸ ਇੱਕ ਰਜਿ. ਸੁਸਾਇਟੀ ਹੈ ਅਤੇ ਤਰਸੇਮ ਦੀਵਾਨਾ ਇਸਦੇ ਚੇਅਰਮੈਨ ਹਨ, ਜਦਕਿ ਪ੍ਰਤੀਵਾਦੀ ਤਾਰਾ ਚੰਦ, ਬਲਵਿੰਦਰ ਕੁਮਾਰ ਉਰਫ਼ ਬਿੱਲਾ ਦਿਓਵਲ, ਗੁਰਚਰਨ ਦਾਸ ਉਰਫ ਅਸ਼ੋਕ ਸੱਲਣ, ਹਰਪ੍ਰੀਤ ਸਿੰਘ, ਰਿੰਕੂ ਥਾਪਰ, ਓਂਕਾਰ ਸਿੰਘ ਪੜ੍ਹਬੱਗਾ , ਸਾਬਕਾ ਡੀ ਐਚ ਉ ਡਾ. ਲਖਬੀਰ ਸਿੰਘ ਅਤੇ ਗੁਰਮੀਤ ਸਿੰਘ ਬੇਗਮਪੁਰਾ ਟਾਈਗਰ ਫੋਰਸ ਦੇ ਨਾ ਤਾਂ ਅਹੁਦੇਦਾਰ ਹਨ ਅਤੇ ਨਾ ਹੀ ਮੁੱਢਲੇ ਮੈਂਬਰ ਹਨ । ਇਸ ਕੇਸ ਵਿੱਚ ਅਦਾਲਤ ਵੱਲੋਂ 24 ਅਗਸਤ 2026 ਨੂੰ ਸਟੇਅ ਆਰਡਰ ਜਾਰੀ ਕੀਤਾ ਗਿਆ ਹੈ , ਜਿਸ ਤਹਿਤ ਉਕਤ ਪ੍ਰਤੀਵਾਦੀਆਂ ਨੂੰ ਬੇਗਮਪੁਰਾ ਟਾਈਗਰ ਫੋਰਸ ਦੇ ਨਾਮ ਦੀ ਵਰਤੋਂ ਕਰਨ, ਸੋਸ਼ਲ ਮੀਡੀਆ 'ਤੇ ਪ੍ਰਚਾਰ ਕਰਨ ਅਤੇ ਬੈਂਕ ਖਾਤੇ ਖੋਲ੍ਹਣ ਤੋਂ ਰੋਕਿਆ ਗਿਆ ਸੀ ।

ਅਦਾਲਤੀ ਹੁਕਮਾਂ ਦੀ ਉਲੰਘਣਾ ਦੇ ਗੰਭੀਰ ਦੋਸ਼:-



ਦਾਇਰ ਕੀਤੇ ਇਸ ਕੇਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਪ੍ਰਤੀਵਾਦੀਆਂ ਤਾਰਾ ਚੰਦ, ਬਲਵਿੰਦਰ ਕੁਮਾਰ ਉਰਫ਼ ਬਿੱਲਾ ਦਿਓਵਾਲ, ਗੁਰਚਰਨ ਦਾਸ ਉਰਫ ਅਸ਼ੋਕ ਸੱਲਣ, ਹਰਪ੍ਰੀਤ ਸਿੰਘ, ਰਿੰਕੂ ਥਾਪਰ, ਓਂਕਾਰ ਸਿੰਘ ਪੜ੍ਹਬੱਗਾ, ਸਾਬਕਾ ਡੀ ਐਚ ਉ ਡਾ. ਲਖਬੀਰ ਸਿੰਘ ਅਤੇ ਗੁਰਮੀਤ ਸਿੰਘ ਨੇ ਅਦਾਲਤੀ ਹੁਕਮਾਂ ਦੀ ਪਰਵਾਹ ਨਾ ਕਰਦਿਆਂ ਅੱਗੇ ਲਿਖੇ ਅਨੁਸਾਰ ਉਲੰਘਣਾ ਕੀਤੀ ਹੈ | ਉਨ੍ਹਾਂ ਦੱਸਿਆ ਕਿ ਮਿਤੀ 08.09.2026 ਨੂੰ ਅਖ਼ਬਾਰ 'ਜਗਬਾਣੀ' ਅਤੇ 09.09.2026 ਨੂੰ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ 'ਤੇ ਬੇਗਮਪੁਰਾ ਟਾਈਗਰ ਫੋਰਸ ਦੇ ਨਾਮ ਦੀ ਦੁਰਵਰਤੋਂ ਕੀਤੀ ਗਈ, ਮਿਤੀ 15.09.2026 ਨੂੰ ਯੂਟਿਊਬ ਚੈਨਲ ਅਤੇ 'ਰੋਜ਼ਾਨਾ' ਅਖ਼ਬਾਰ ਵਿੱਚ ਖ਼ਬਰਾਂ ਪ੍ਰਕਾਸ਼ਤ ਕਰਵਾਈਆਂ ਗਈਆਂ, ਪ੍ਰਤੀਵਾਦੀਆਂ ਵੱਲੋਂ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਵਿਖੇ ਵੀ ਆਪਣੇ ਆਪ ਨੂੰ ਬੇਗਮਪੁਰਾ ਟਾਈਗਰ ਫੋਰਸ ਦੇ ਮੈਂਬਰ ਵਜੋਂ ਪੇਸ਼ ਕੀਤਾ ਗਿਆ,ਅਰਜ਼ੀਕਰਤਾਵਾਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੇ ਪ੍ਰਤੀਵਾਦੀਆਂ ਨੂੰ ਅਦਾਲਤੀ ਹੁਕਮਾਂ ਬਾਰੇ ਯਾਦ ਕਰਵਾਇਆ ਤਾਂ ਉਨ੍ਹਾਂ ਨੇ ਕਾਨੂੰਨ ਦੀ ਪ੍ਰਵਾਹ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਇਸ ਸਬੰਧੀ ਐਸ.ਐਸ.ਪੀ. ਹੁਸ਼ਿਆਰ-ਪੁਰ ਨੂੰ ਵੀ ਸ਼ਿਕਾਇਤਾਂ ਦਿੱਤੀਆਂ ਗਈਆਂ ਸਨ, ਪਰ ਪੁਲਿਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਅਦਾਲਤ ਵਿੱਚ ਦਾਇਰ ਇਸ ਕੇਸ ਰਾਹੀਂ ਮੰਗ ਕੀਤੀ ਗਈ ਹੈ ਕਿ ਅਦਾਲਤੀ ਹੁਕਮਾਂ ਦੀ ਜਾਣ-ਬੁੱਝ ਕੇ ਉਲੰਘਣਾ ਕਰਨ ਵਾਲੇ ਇਨ੍ਹਾਂ ਪ੍ਰਤੀਵਾਦੀਆਂ ਨੂੰ ਸਿਵਲ ਕੈਦ ਵਿੱਚ ਭੇਜਿਆ ਜਾਵੇ ਅਤੇ ਬਣਦੀ ਸਖ਼ਤ ਕਾਰਵਾਈ ਕੀਤੀ ਜਾਵੇ।

# ਪਿੰਡ ਡੱਲੇਵਾਲ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ ’ਤੇ ਹੱਲ ਕਰਵਾਉਣ ਲਈ ਯਤਨ ਕਰਾਂਗੇ : ਸੁੰਦਰ ਸ਼ਾਮ ਅਰੋੜਾ

ਸਾਂਝੀ ਖ਼ਬਰ

(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 23 ਅਕਤੂਬਰ

ਪਿੰਡ ਡੱਲੇਵਾਲ ਵਿੱਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੀ ਮੀਟਿੰਗ ਹੋਈ। ਇਸ ਦੌਰਾਨ ਪਿੰਡ ਵਾਸੀਆਂ ਨੇ ਟੁੱਟੀਆਂ ਸੜਕਾਂ ਅਤੇ ਕਮਿਊਨਿਟੀ ਸੈਂਟਰ ਨਾਲ ਸਬੰਧਤ ਸਮੱਸਿਆਵਾਂ ਉਠਾਉਂਦਿਆਂ ਇਨ੍ਹਾਂ ਦੇ ਜਲਦੀ ਹੱਲ ਦੀ ਮੰਗ ਕੀਤੀ।



ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣਦਿਆਂ ਸੁੰਦਰ ਸ਼ਾਮ ਅਰੋੜਾ ਨੇ ਕਿਹਾ ਕਿ ਪਿੰਡਾਂ ਦਾ ਵਿਕਾਸ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਨ ’ਤੇ ਪਿੰਡ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ’ਤੇ ਪੂਰਾ ਕਰਵਾਉਣ ਲਈ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸੜਕਾਂ ਅਤੇ ਕਮਿਊਨਿਟੀ ਸੈਂਟਰ ਪਿੰਡ ਦੀਆਂ ਅਹਿਮ ਲੋੜਾਂ ਹਨ, ਜਿਨ੍ਹਾਂ ਦਾ ਹੱਲ ਹੋਣਾ ਚਾਹੀਦਾ ਹੈ। ਇਸ ਮੌਕੇ ਸਰਪੰਚ ਹਰਦੀਪ ਕੌਰ, ਸਾਬਕਾ ਸਰਪੰਚ ਰਾਮ ਜੀ, ਸਾਬਕਾ ਬਲਾਕ ਸੰਮਤੀ ਮੈਂਬਰ ਮਾਸਟਰ ਜੈ ਰਾਮ, ਬਲਾਕ ਸੰਮਤੀ ਮੈਂਬਰ ਵਿਸ਼ਾਲ ਕੁਮਾਰ, ਲੰਬੜਦਾਰ ਕਰਮ ਚੰਦ, ਸਾਬਕਾ ਸਰਪੰਚ ਬਲਵਿੰਦਰ ਭੱਟੀ, ਬਲਾਕ ਪ੍ਰਧਾਨ ਡਾ. ਕੁਲਦੀਪ ਸਿੰਘ, ਸਾਬਕਾ ਸਰਪੰਚ ਜੀਤ ਰਾਮ, ਸੀਨੀਅਰ ਕਾਂਗਰਸੀ ਆਗੂ ਰਾਕੇਸ਼ ਸੈਣੀ ਤੋਂ ਇਲਾਵਾ ਹੋਰ ਕਾਂਗਰਸੀ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।




ਅਦਾਰਾ ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ, ਖਬਰਾਂ ਆਰਟੀਕਲਾਂ ਅਤੇ ਹੋਰ ਮੈਂਟਰ ਦੀ ਪੁਸ਼ਟੀ ਨਹੀ ਕਰਦਾ ਹੈ ਜਿਸਦੇ ਲਈ ਭੇਜਣ ਵਾਲੇ ਖੁਦ ਜਿੰਮੇਵਾਰ ਹੋਣਗੇ। ਰੋਜ਼ਾਨਾ ਸਾਂਝੀ ਖ਼ਬਰ ਵਿੱਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ ਵਿਵਾਦ ਸਬੰਧੀ ਕੇਸ਼ਾਂ ਦਾ ਨਿਪਟਾਰਾ ਸਿਰਫ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ ਵਿੱਚ ਹੋਵੇਗਾ।
ਮਾਲਕ ਨਰਿੰਦਰ ਜੱਗਾ ਪ੍ਰਕਾਸ਼ਿਕ ਪ੍ਰਿੰਟਰ ਅਤੇ ਮੁੱਖ ਸੰਪਾਦਕ ਪੀ ਐਸ ਮਿੱਠਾ, ਸਹਿ ਸੰਪਾਦਕ ਸੰਦੀਪ ਸਿਘ ਨੇ ਰੋਜ਼ਾਨਾ ਸਾਂਝੀ ਖ਼ਬਰ ਦਾ ਇਹ ਡਿਜੀਟਲ ਐਡੀਸ਼ਨ ਪਟਿਆਲਾ ਰੋਡ ਨੇੜੇ ਪੰਜਾਬ ਐਂਡ ਸਿੱਧ ਬੈਂਕ ਜੀਰਕੁਪਰ ਜਿਲ੍ਹਾ ਮੋਹਾਲੀ ਪੰਜਾਬ ਤੋਂ ਰਿਲੀਜ਼ ਕੀਤਾ ਹੈ


SINCE 1978
AMRIK DHABA
PURE VEG
BREAKFAST, LUNCH, DINNER
ORDER ONLINE ON
zomato
SWIGGY
FULLY AC
HEAD OFFICE : MEHNA CHOWK BATHINDA.
PHONE : 0164-5007071, 9814129629.

ਅੰਮ੍ਰਿਤ ਪਵਾਰ
62804 94562



ਸਾਂਝੀ ਖ਼ਬਰ
ਸਾਂਝੀ ਖ਼ਬਰ
ਸ਼ਨੀਵਾਰ, 24 ਅਕਤੂਬਰ 2026

## ਮਾਡਲ ਲੜਕੀਆਂ ਆਖਣ ਲੱਕੀ ਡਾਇਰੈਕਟਰ ਅਮਰਪਾਲ

ਅਮਰਪਾਲ ਹੀਰੋ ਹੀ ਲੱਗਦੇ ਨੇ ਤੇ ਅੱਜ ਵੀ ਫਿੱਟ ਹਿੱਟ ਨੇ ਵੱਖਰੀ ਗੱਲ ਕਿ ਇਹ ਅਮਰਪਾਲ ਹੁਣ ਡਾਇਰੈਕਟਰ ਬਣ ਆਪਣਾ ਕੈਰੀਅਰ ਅੱਗੇ ਵਧਾ ਰਹੇ ਹਨ।ਅਮਰਪਾਲ ਦੀਆਂ ਦੋ ਤਿੰਨ ਫ਼ਿਲਮਾਂ ਤਕਰੀਬਨ ਤਿਆਰ ਹਨ ਸਿਨੇਮਾ ਘਰਾਂ ਲਈ ਤੇ ਚੌਪਾਲ ਤੇ ਓਹਨਾਂ ਦੀ ਫਿਲਮ ਕਾਮਯਾਬ ਰਹਿੰਦੀ ਹੈ।ਜਿਆਦਾ ਕਰ ਕਿ ਓਹ ਵੀਡੀਓ ਨਿਰਦੇਸ਼ਕ ਬਣ ਪਿਆਰੇ ਪਿਆਰੇ ਵੀਡੀਓ ਦਿੰਦੇ ਹਨ।ਅਮਰਪਾਲ ਨੇ ਬਲਕਾਰ ਅਣਖੀਲਾ ਤੋਂ ਮਨਜੀਤ ਸ਼ੌਂਕੀ ਤੱਕ ਦੇ ਵੀਡੀਓ ਕੀਤੇ ਹਨ।ਤੇ ਹਾਂ"ਮਜਾਜਣ " ਫਿਲਮ ਚ ਗਾਵੀ ਚਾਹਲ ਨਾਲ ਓਹ ਸਾਈਡ ਹੀਰੋ ਕਮੇਡੀ ਸਨ। ਹੁਣ ਖਾਸ ਗੱਲ ਕਿ ਅਮਰਪਾਲ ਨਾਲ ਜਿਸ ਵੀ ਮਾਡਲ ਕੁੜੀ ਨੇ ਕੰਮ ਕੀਤੀ ਓਹ ਖੁਸ਼ ਹੋ ਪਰਤੀ ।ਟੌਪ ਦੀਆਂ ਮਾਡਲ ਵੀ ਓਹ ਮੈਂਡੀ ਨੇ ਪਰ ਨਵੀਆਂ ਕੁੜੀਆਂ ਨੂੰ ਜਿਆਦਾ ਮੌਕੇ ਦਿੰਦੇ ਹਨ। ਚਾਰ ਮਾਡਲ ਕੁੜੀਆਂ ਨੇ ਸਾਨੂੰ ਦੱਸਿਆ ਕਿ ਸਾਡੇ ਲਈ ਅਮਰਪਾਲ ਸਰ ਲੱਕੀ ਡਾਇਰੈਕਟਰ ਹਨ ਤੇ ਓਹਨਾਂ ਨਾਲ ਵੀਡੀਓ ਕਰਦਿਆਂ ਅੱਗੇ ਬਹੁਤ ਕੰਮ ਮਿਲਦਾ ਤੇ ਕਈ ਤਾਂ ਫ਼ਿਲਮਾਂ ਚ ਪਹੁੰਚ ਗਈਆਂ।ਉਧਰ ਮੰਨਤ ਸਿੰਘ, ਸੰਦੀਪ ਮੱਲ੍ਹੀ ਤੇ ਸਾਨੀਆ ਪੰਨੂ ਨੇ ਵੀ ਸਮੇਂ ਸਮੇਂ ਤੇ ਅਮਰਪਾਲ ਦੀ ਸਿਫਤ ਕੀਤੀ ਹੈ।_ਅੰਮ੍ਰਿਤ ਪਵਾਰ।



## ਸੁਖਵਿੰਦਰ ਗਰੇਵਾਲ ਨੇ ਗਾ ਕਿ ਸੁਣਾਏ_ਮੇਲੇ ਰਾਜਾ ਸਾਹਿਬ ਦੇ

ਧੰਨ ਧੰਨ ਸ੍ਰੀ 108 ਸ਼੍ਰੀ ਨਾਭ ਕੰਵਲ ਜੀ ਰਾਜਾ ਸਾਹਿਬ ਨੂੰ ਸਮਰਪਿਤ ਗਾਇਕਾ ਸੁਖਵਿੰਦਰ ਕੌਰ ਗਰੇਵਾਲ ਨੇ ਇੱਕ ਸ਼ਰਧਾ ਭਰਪੂਰ ਗੀਤ ਗਾਇਆ ਜਿਹੜਾ ਸ਼ਰਧਾਵਾਨਾਂ ਲਈ ਆ ਗਿਆ ਹੈ।ਇਹ ਗੀਤ ਗਰੇਵਾਲ ਮੁਤਾਬਿਕ ਧੰਨ ਧੰਨ ਹਜ਼ੂਰ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਮੇਲੇ ਨੂੰ ਮੁੱਖ ਰੱਖ ਇਹਨਾਂ ਗਾਇਆ ਹੈ।ਇਹ ਰਮੇਸ਼ ਚੌਹਾਨ ਜੀ ਦੀ ਦੀ ਆਜੀਮ ਪੇਸ਼ਕਸ਼ ਹੈ।ਸੁਖਵਿੰਦਰ ਕੌਰ ਗਰੇਵਾਲ ਸਟਾਰ ਐਕਟ੍ਰੈਸ , ਮਾਡਲ ਤੇ ਸੁਰੀਲੀ ਗਾਇਕਾ ਹੈ ਤੇ ਓਸ ਕਿਹਾ ਕਿ ਰਾਜਾ ਸਾਹਿਬ ਦੀ ਮਹਿਮਾ ਗਾਇਨ ਕਰਦੇ ਕੋਈ ਕਮੀ ਪੇਸ਼ੀ ਰਹਿ ਗਈ ਹੋਏ ਤਾਂ ਸ਼ਰਧਾਵਾਨ ਤੇ ਰਾਜਾ ਸਾਹਿਬ ਓਸ ਨੂੰ ਮੁਆਫ ਕਰਨ ਤੇ ਓਹ ਹਮੇਸ਼ਾਂ ਰਾਜਾ ਸਾਹਿਬ ਜੀ ਦੇ ਮੇਲੇ ਤੇ ਅਜਿਹੇ ਸ਼ਰਧਾ ਵਾਲੇ ਗੀਤ ਲਿਆ ਕਿ ਜਨਤਾ ਸਨਮੁੱਖ ਕਰਿਆ ਕਰੇਗੀ।ਸੁਖਵਿੰਦਰ ਕੌਰ ਗਰੇਵਾਲ ਦੇ ਇਸ ਗੀਤ ਦਾ ਟਾਈਟਲ "ਮੇਲੇ ਰਾਜਾ ਸਾਹਿਬ ਦੇ" ਰੱਖਿਆ ਗਿਆ ਹੈ।ਸੁਖਵਿੰਦਰ ਗਰੇਵਾਲ ਨੂੰ ਇਸ ਟਰੈਕ ਦੀ ਸਫਲਤਾ ਲਈ ਸ਼ੁੱਭ ਕਾਮਨਾਵਾਂ।_ਅੰਮ੍ਰਿਤ ਪਵਾਰ।




## ਨਛੱਤਰ ਗਿੱਲ ਦੀ ਪਸੰਦ ਬਿੱਟੂ ਅਰੋੜਾ ਦਾ ਛਣਕਾਰ

ਹਰਮਨ ਪਿਆਰੇ ਗਾਇਕ ਨਛੱਤਰ ਗਿੱਲ ਪੰਜਾਬੀ ਫ਼ਿਲਮਾਂ ਦੀ ਗਾਇਕੀ ਦੀ ਜ਼ਿੰਦ ਜਾਨ ਹਨ ਤੇ ਓਹਨਾਂ ਦੇ ਗੀਤ ਵੀ ਜਦ ਨਵੇਂ ਆਉਣ ਤੇ ਨਵਾਂ ਸਾਲ ਹੋਏ ਤਾਂ ਬਿੱਟੂ ਅਰੋੜਾ ਦੇ ਦੁਆਰਾ ਬਣਾਏ ਜਾਂਦੇ ਪ੍ਰੋਗਰਾਮ "ਛਣਕਾਰ " ਵਿੱਚ ਆਉਂਦੇ ਹਨ।ਓਹਨਾਂ ਕਿਹਾ ਕਿ ਬਿੱਟੂ ਅਰੋੜਾ ਨਾਲ ਓਹਨਾਂ ਦਾ ਪਿਆਰ ਬਹੁਤ ਪੁਰਾਣਾ ਹੈ ਤੇ ਬਿੱਟੂ ਹਮੇਸ਼ਾ ਇੱਕ ਮਨੋਰੰਜਕ ਪ੍ਰੋਗਰਾਮ ਤਿਆਰ ਕਰਦੇ ਹਨ ।ਯਕੀਨੀ ਗੱਲ ਹੈ ਕਿ ਤਕਨੀਕੀ ਤੌਰ ਤੇ ਡੀ ਡੀ ਪੰਜਾਬੀ ਦੇ ਨਿੱਜੀ ਪ੍ਰੋਗਰਾਮਾਂ ਚ "ਛਣਕਾਰ " ਪਹਿਲੇ ਨੰਬਰ ਤੇ ਹੈ ਇਹ ਸਭ ਬਿੱਟੂ ਅਰੋੜਾ ਦੀ ਮਿਹਨਤ ਸਦਕਾ ਹੈ। ਨਛੱਤਰ ਗਿੱਲ ਜਿਹੇ ਸਟਾਰ ਕਲਾਕਾਰ ਵੱਲੋਂ ਡੀ ਡੀ ਪੰਜਾਬੀ ਤੇ ਆ ਰਹੇ ਪ੍ਰੋਗਰਾਮ "ਛਣਕਾਰ " ਦੀ ਗੱਲ ਕਰਨ ਤੇ ਬਿੱਟੂ ਅਰੋੜਾ ਨੇ ਓਹਨਾਂ ਦਾ ਸ਼ੁਕਰੀਆ ਅਦਾ ਕਰਦੇ ਕਿਹਾ ਕਿ ਸਾਡੇ ਪ੍ਰੋਗਰਾਮ ਚ ਨਛੱਤਰ ਗਿੱਲ ਦਾ ਆਉਣਾ ਪ੍ਰੋਗਰਾਮ ਨੂੰ ਚਾਰ ਚੰਨ ਲਾ ਦਿੰਦਾ ਹੈ।_ਅੰਮ੍ਰਿਤ ਪਵਾਰ।



## ਐਕਟਰ ਵੀ ਹਨ ਸੰਗੀਤ ਜਗਤ ਬਾਦਸ਼ਾਹ, ਭੱਟੀ ਭੜੀਵਾਲਾ

ਲੱਗਦਾ ਉੱਪਰ ਵਾਲੇ ਨੇ ਸਾਰੇ ਮਨੋਰੰਜਨ ਖੇਤਰ ਦੇ ਗੁਣ ਭਰ ਕਿ ਭੱਟੀ ਭੜੀਵਾਲਾ ਨੂੰ ਧਰਤੀ ਤੇ ਭੇਜਿਆ ਕਮਾਲ ਗੀਤ ਪੰਜਾਬੀ ਕੀ ਹਿੰਦੀ ਫ਼ਿਲਮਾਂ ਤੱਕ ਲਿਖਦੇ ਨੇ ਤੇ ਸਟੋਰੀ ਓਹਨਾਂ ਦੀ ਲਿਖੀ ਤੇ ਬਣੇ ਫ਼ਿਲਮ ਤੇ ਸਮਝੋ" ਸ਼ੋਲੇ" ਹੀ ਹੋਊ।ਗੀਤਕਾਰੀ ਦੇ ਨਾਲ ਗਾਇਕਾਂ ਨੂੰ ਪੇਸ਼ ਕਰਨਾ ਤੇ ਬਿਗ ਬੀ ਸਾਬ੍ਹ ਤਿੰਨ ਆਡੀਓ ਵੀਡੀਓ ਕੰਪਨੀਜ ਦਾ ਭਾਰ ਚੁੱਕ ਓਹਨਾਂ ਨੂੰ ਵੀ ਕਾਮਯਾਬੀ ਦੇ ਰਸਤੇ ਪਾਉਣ ਵਾਲੇ ਭੱਟੀ ਭੜੀਵਾਲਾ ਸਾਬ ਐਕਟਰ ਵੀ ਹਨ ਤੇ ਵੈੱਬ ਸੀਰੀਜ਼ "ਪਿੰਡ ਦੀਆਂ ਗਲੀਆਂ" ਚ ਓਹਨਾਂ ਨੇ ਸ਼ਾਨਦਾਰ ਭੂਮਿਕਾ ਨਿਭਾਈ ਹੈ ।ਆਖਦੇ ਨੇ ਐਕਟਿੰਗ ਵੀ ਕੋਈ ਵੀ ਰੋਲ ਦੇ ਦਿਓ ਨਿਭਾ ਕਿ ਵਾਹ ਵਾਹ ਨਾ ਖੱਟੀ ਤੇ ਨਾਮ ਬਦਲ ਦੇਣਾ ਭੱਟੀ ਸਾਬ।"ਇਲਜ਼ਾਮ " ਨੂੰ ਰਲੀਜ਼ ਕਰਨ ਮੌਕੇ ਚਰਨਜੀਤ ਸਿੰਘ ਚੰਨੀ ਸਾਬਕਾ ਸੀ ਐਮ ਮੌਜੂਦ ਵਾਹ ਜੀ ਵਾਹ । ਭੱਟੀ ਭੜੀਵਾਲਾ ਸਾਡੇ ਮਨੋਰੰਜਨ ਖੇਤਰ ਦਾ ਨਗੀਨਾ ਨੇ ਨਗੀਨਾ।_ਅੰਮ੍ਰਿਤ ਪਵਾਰ।



## ਕਲਰ ਟੀਵੀ ਨਾਲ ਹੈਦਰਾਬਾਦ ਤੱਕ ਪਛਾਣ_ਬਾਲਕ੍ਰਿਸ਼ਨ ਕੋਚਰ

ਬਾਲਕ੍ਰਿਸ਼ਨ ਕੋਚਰ ਪੰਜਾਬ ਦੇ ਹਰਮਨ ਪਿਆਰੇ ਐਕਟਰ ਬਣ ਚੁੱਕੇ ਨੇ ਤੇ ਕਲਰ ਟੀਵੀ ਤੇ "ਜੂਲੀਅਟ ਜੱਟ ਦੀ " ਸੀਰੀਅਲ ਨੇ ਬਾਲਕ੍ਰਿਸ਼ਨ ਕੋਚਰ ਦੀ ਪਛਾਣ ਇੰਡੀਆ ਲੈਵਲ ਤੇ ਬਣਾ ਦਿੱਤੀ ਹੈ।ਪਿਛਲੇ ਦਿਨੀਂ ਹੈਦਰਾਬਾਦ ਇੱਕ ਫ਼ਿਲਮ ਸਮਾਰੋਹ ਵਿੱਚ ਬਾਲਕ੍ਰਿਸ਼ਨ ਕੋਚਰ ਨਾਲ ਜਾਣ ਦਾ ਮੌਕਾ ਮਿਲਿਆ ਤਾਂ ਸਦਰ ਬਜ਼ਾਰ ਹੈਦਰਾਬਾਦ ਚ ਕਈ ਦਰਸ਼ਕਾਂ ਨੇ ਓਹਨਾਂ ਨੂੰ ਪਛਾਣ ਲਿਆ ਕਿ ਤੁਸੀ ਕਲਰ ਟੀਵੀ ਵਾਲੇ ਪੰਡਿਤ ਹੋ ਨਾ ਤਾਂ ਖੁਸ਼ੀ ਹੋਈ ਕਿ ਐਕਟਰ ਇਸ ਚੀਜ਼ ਲਈ ਮਿਹਨਤ ਕਰਦਾ ਹੈ ਕਿ ਨਾਮ ਬਣੇ। ਇੱਕ ਦੋ ਸੀਰੀਅਲ ਤੇ ਕੋਈ ਬਾਲੀਵੁੱਡ ਫ਼ਿਲਮ ਕਰ ਗਏ ਕੋਚਰ ਸਾਬ ਤਾਂ ਹੈਦਰਾਬਾਦੀ ਲੋਕਾਂ ਦੀ ਤਰਾਂ ਉਹ ਸਾਊਥ ਨੌਰਥ ਪੂਰਬ ਪਸ਼ਚਿਮ ਸਭ ਦੇ ਚਹੇਤੇ ਬਣ ਜਾਣਗੇ ਐਕਟਰ ।"ਥਾਪੀ " ਓਹਨਾਂ ਨੀਰੂ ਬਾਜਵਾ ਨਾਲ ਕੀਤੀ ਹੈ।_ਅੰਮ੍ਰਿਤ ਪਵਾਰ।



## ਲਾਹ ਲਈ ਓ ਮੁੰਦਰੀ ਮੇਰੀ ਰੇਹਾਨਾ ਭੱਟੀ




ਰੇਹਾਨਾ ਭੱਟੀ ਨੂੰ ਸੂਫ਼ੀ ਗਾਇਕੀ ਚ ਸੁਣਿਓ ਆਖੋਗੇ ਇਹ ਪੰਕਜ ਉਧਾਸ ਦੀ ਤਰਾਂ ਮੁੰਬਈ ਦੀਆਂ ਉੱਚ ਸਤਿਕਾਰਤ ਮਹਿਫ਼ਲਾਂ ਚ ਗਾ ਸਕਦੀ ਹੈ ਤੇ ਜਦ ਇਸ ਨੂੰ ਬੀਟ ਦੋਗਾਣੇ ਚ ਸੁਣੋ ਤਦ ਲੱਗੇਗਾ ਕਿ ਮਿਸ ਪੂਜਾ ਦੀ ਤਰਾਂ ਚੜ੍ਹਤ ਹੋਊ।ਜਦ ਬਿਰਹਾ ਗੀਤ ਤਦ ਰੇਹਾਨਾ ਉਦਾਸੀ ਦਾ ਚਿੰਨ ਨਜ਼ਰ ਆਏਗੀ ਤੇ ਧਾਰਮਿਕ ਗਾਇਕੀ ਤਾਂ ਪੂਰੀ ਭਗਤਣੀ ਲੱਗਦੀ ਹੈ ਰੇਹਾਨਾ ਭੱਟੀ। ਇਹ ਰੇਹਾਨਾ ਭੱਟੀ ਸ਼੍ਰੀਮਤੀ ਹੈ ਮਨੋਹਰ ਧਾਰੀਵਾਲ ਦੀ ਜਿਹੜੇ ਗਾਇਕ ਨੇ ਪਰ ਹੁਣ ਓਹ ਸੰਗੀਤ ਪੇਸ਼ਕਾਰ ਤੇ ਟੀਵੀ ਪ੍ਰੋਗਰਾਮ ਨਿੱਜੀ ਨਿਰਮਾਤਾ ਹਨ।ਸਬੱਬ ਕਿ ਰੇਹਾਨਾ ਤੇ ਮਨੋਹਰ ਇੱਕ ਜ਼ਿੰਦ ਇੱਕ ਜਾਨ ਬਣ ਚੁੱਕੇ ਨੇ , ਸਾਥ ਸੱਤ ਜਨਮਾਂ ਦਾ ਪੈ ਚੁੱਕਾ ਹੈ ਤੇ ਇੱਕ ਤੇ ਇੱਕ ਦੋ ਗਿਆਰਾਂ ਜ਼ਿੰਦਗੀ ਤੇ ਕਲਾਕਾਰੀ ਬਹਾਰਾਂ ਹੀ ਬਹਾਰਾਂ ਜੈ ਹੋ।_ਅੰਮ੍ਰਿਤ ਪਵਾਰ ।

## ਹੀਰਾ ਇਨਸਾਨ ਹੈ ਰਾਜ ਕਾਕੜਾ ਕੁਲਜਿੰਦਰ ਸਿੱਧੂ



ਕੁਲਜਿੰਦਰ ਸਿੱਧੂ ਜਾਣੇ ਪਹਿਚਾਣੇ ਫ਼ਿਲਮੀ ਚਿਹਰੇ ਨੇ ਤੇ ਓਹ ਗੀਤਕਾਰ ਤੇ ਲੇਖਕ ਅਭਿਨੇਤਾ ਗਾਇਕ ਰਾਜ ਕਾਕੜਾ ਤੋਂ ਬਹੁਤ ਪ੍ਰਭਾਵਿਤ ਹਨ।ਕੁਲਜਿੰਦਰ ਸਿੱਧੂ ਆਖਦੇ ਨੇ ਜੀ ਰਾਜ ਕਾਕੜਾ ਸੁਭਾਅ ਦਾ ਸਾਧੂ ਬੰਦਾ ਹੈ ਤੇ ਹਰੇਕ ਤੇ ਤਰਸ ਖਾ ਜਾਂਦਾ ਹੈ ਤੇ ਸਿੱਧੂ ਅਨੁਸਾਰ ਰਾਜ ਦੇ ਲਿਖਤ ਗੀਤ ਅੱਜ ਬੱਚੇ ਬੱਚੇ ਦੀ ਜੁਬਾਨ ਤੇ ਹਨ ।ਕੁਲਜਿੰਦਰ ਇਹ ਵੀ ਕਹਿੰਦੇ ਨੇ ਕਿ ਰਾਜ ਦੀ ਸੋਚ ਇਨਕਲਾਬੀ ਯੋਧਿਆਂ ਜਿਹੀ ਹੈ ਤੇ ਐਕਟਿੰਗ ਕਰਦੇ ਵਕਤ ਓਹ ਅਜਿਹੇ ਕਿਰਦਾਰਾਂ ਨੂੰ ਹਕੀਕੀ ਬਣਾ ਦਿੰਦਾ ਹੈ।ਕੁਲਜਿੰਦਰ ਸਿੱਧੂ ਨੇ ਕਿਹਾ ਕਿ ਰਾਜ ਕਾਕੜਾ ਨੂੰ ਨਿਊਜ਼ੀਲੈਂਡ, ਸਪੇਨ, ਕਨੇਡਾ , ਅਮਰੀਕਾ ਵਿੱਚ ਪੰਜਾਬੀ ਬਹੁਤ ਪਿਆਰ ਕਰਦੇ ਹਨ ।ਕੁਲਜਿੰਦਰ ਸਿੱਧੂ ਦੀਆਂ ਇਹਨਾਂ ਗੱਲਾਂ ਤੇ ਰਾਜ ਕਾਕੜਾ ਨੇ ਕਿਹਾ ਕਿ ਕੁੱਲ ਸਿੱਧੂ ਪਿਆਰਾ ਐਕਟਰ ਹੈ ਤੇ ਓਸ ਨੇ ਮੇਰੀ ਤਰੀਫ਼ ਬਹੁਤ ਜਿਆਦਾ ਕਰ ਦਿੱਤੀ ਹੈ ਚਲੋ ਇਸ ਤੇ ਚਲਣ ਦੀ ਕੋਸ਼ਿਸ਼ ਕਰਦਾ ਰਹਾਂਗਾ ।_ਅੰਮ੍ਰਿਤ ਪਵਾਰ।



## ਪੰਦਰਾਂ ਸਾਲ ਪਹਿਲੇ ਵੀ ਹਿੱਟ ਅੱਜ ਸਟਾਰ ਗੁਰਮੀਤ ਪੰਜਾਬੀ/ਹੁਸਨ-ਮੀਤ

ਗੁਰਮੀਤ ਪੰਜਾਬੀ ਦੀ ਹੁਸਨਮੀਤ ਨਾਲ ਜਿਸ ਸਟੇਜ ਇੱਕ ਵਾਰ ਤੱਕ ਲਈ, ਦੇਖ ਲਈ ਸੁਣ ਲਈ ਦੋਗਾਣਾ ਗਾਇਕੀ ਓਹ ਓਸ ਨੂੰ ਆਪਣੇ ਮੇਲੇ, ਜਗਰਾਤੇ, ਵਿਆਹ ਤੇ ਸੱਦਾ ਪੱਤਰ ਦਿੰਦਾ ਹੀ ਹੈ।ਪੰਦਰਾਂ ਸਾਲ ਪਹਿਲਾਂ ਪਿੰਡ ਦੀਆਂ ਗਲੀਆਂ ਚ ਵੱਜਦੇ ਸੀ ਗਾਣੇ ਗੁਰਮੀਤ ਪੰਜਾਬੀ ਦੇ ਤੇ ਅੱਜ ਪੰਦਰਾਂ ਸਾਲ ਬਾਦ ਵੀ ਓਹ ਗਾਇਕੀ ਦੀ ਰੜਕਾਂ ਕੱਢੀਆਂ ਵਾਲੀ ਗੱਲ ਸਹੀ ਕਰ ਦਿਖਾ ਰਿਹਾ ਹੈ।ਗੀਤ ਦੇ ਨਾਲ ਗੀਤ ਦੀ ਪ੍ਰੀਭਾਸ਼ਾ ਤੇ ਫਿਰ ਸਾਜ਼ਾਂ ਨਾਲ ਦਿਲਕਸ਼ ਅੰਦਾਜ਼ ਨਵੀਂ ਦੁਲਹਨ ਦੇ ਸ਼ਿੰਗਾਰ ਦੀ ਤਰਾਂ ਜਚਦੀ ਹੈ ਇਹ ਗਾਇਕ ਜੋੜੀ।ਗੁਰਮੀਤ ਪੰਜਾਬੀ ਤੇ ਹੁਸਨਮੀਤ ਦੀ ਜੋੜੀ ਤੇ ਹੁਸਨ ਕਾਇਮ ਰਹੇ ਦੁਆਵਾਂ।_ਅੰਮ੍ਰਿਤ ਪਵਾਰ।

## ਜਨਮ ਦਿਨ ਤੇ ਸ਼ੁੱਭ ਸੁਨੇਹੇ ਰਾਣਾ ਵੇਂਡਲ ਵਾਲਾ



ਪੰਜਾਬੀ ਗੀਤਕਾਰੀ ਵਿੱਚ ਇੱਕ ਟਾਈਮ ਰਾਣਾ ਵੇਂਡਲ ਵਾਲਾ ਦਾ ਨਾਮ ਹੌਟ ਕੇਕ ਦੀ ਤਰਾਂ ਵਿਕਦਾ ਸੀ ਤੇ ਰਾਣਾ ਨੇ ਆਪਣੀ ਇਹ ਸਥਿਤੀ ਬਰਕਤਾਂ ਵਾਲੀ ਹੀ ਰੱਖੀ ਕਾਰਨ ਕਿ ਓਸਦੀ ਗੀਤਕਾਰੀ ਟੌਪ ਤੇ ਸੁਭਾਅ ਨਰਮ।ਅੱਜ ਬਾਲੀਵੁੱਡ ਦੇ ਮੀਕਾ ਸਿੰਘ ਹਨ ਜਾਂ ਫ਼ਿਰ ਬਲਬੀਰ ਬੀਰਾ ਸਾਰੇ ਰਾਣੇ ਵੇਂਡਲ ਵਾਲਾ ਨੂੰ ਨਾਯਾਬ ਕਲਮ ਕਾਰ ਆਖਦੇ ਨੇ , ਤੇਰੀ ਓਹ ਰਾਣਾ ਆਪਣਾ ਜਨਮ ਦਿਨ ਸਾਦਗੀ ਨਾਲ ਮਨਾ ਰਿਹਾ ਸੀ ਪਰ ਇਸ ਦੇ ਫੈਨ ਤੇ ਮੰਗੀ ਮਾਹਲ ਨੇ ਵਿਸ਼ੇਸ਼ ਤੌਰ ਤੇ ਰਾਣਾ ਨੂੰ ਮੁਬਾਰਕ ਦਿੱਤੀ।ਰਾਣਾ ਨੇ ਕਿਹਾ ਕਿ ਓਹਨਾਂ ਸੰਗੀਤਕਾਰ , ਕੰਪਨੀਆਂ ਤੇ ਗਾਇਕਾਂ ਦਾ ਸਤਿਕਾਰ ਜਿਹਨਾਂ ਹੈਪੀ ਬਰਥ ਡੇ ਕਹਿ ਨਿਵਾਜਿਆ ਹੈ ।ਰਾਣਾ ਹੁਣ ਪਿੰਡ ਚੱਕ ਵੇਂਡਲ ਚ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀਆਂ ਤਿਆਰੀਆਂ ਚ ਨੇ ਤੇ ਰਾਣੇ ਤੋਂ ਕਿਸੇ ਨਵੇਂ ਧਾਰਮਿਕ ਗੀਤ ਦੀ ਮੰਗ ਅਸੀਂ ਕਰਦੇ ਹਾਂ ਆਮੀਨ ।_ਅੰਮ੍ਰਿਤ ਪਵਾਰ।